
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ
# ਦੇਸ਼ ਦੁਆਬਾ

VOL - 8 ISSUE - 42
January 29, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਪਿਟਸਬਰਗ ਅਤੇ ਨਿਊਯਾਰਕ ਵਿਖੇ 9 ਫਰਵਰੀ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। **ਹੋਰ ਜਾਣਕਾਰੀ ਲਈ ਦੇਖੋ ਸਫਾ 19 ਅਤੇ 20 ’ਤੇ**

# ਯੂਰਪੀਅਨ ਯੂਨੀਅਨ ਸੰਸਦ ਵਿੱਚ ਸੋਧੇ ਨਾਗਰਿਕਤਾ ਕਾਨੂੰਨ ਖ਼ਿਲਾਫ਼ ਮਤਾ

**ਬਰੱਸਲਜ਼/ਲੰਡਨ (ਬਿਊਰੋ)–** ਯੂਰਪੀਅਨ ਯੂਨੀਅਨ ਦੀ ਸੰਸਦ ਵਿਚ ਭਾਰਤ ਦੇ ਨਾਗਰਿਕਤਾ ਸੋਧ ਐਕਟ (ਸੀਏਏ) ਖ਼ਿਲਾਫ਼ ਵੱਡੀ ਗਿਣਤੀ ਮੈਂਬਰਾਂ ਵੱਲੋਂ ਮਤੇ ਪਾਏ ਗਏ ਹਨ ਅਤੇ ਅਗਲੇ ਹਫ਼ਤੇ ਇਨ੍ਹਾਂ ’ਤੇ ਵਿਚਾਰ ਅਤੇ ਵੋਟਿੰਗ ਕੀਤੀ ਜਾਵੇਗੀ। ਮਤੇ ਮੁਤਾਬਕ ਇਹ ਐਕਟ ਮੁਲਕ ਦੇ ਨਾਗਰਿਕਤਾ ਢਾਂਚੇ ’ਚ ‘ਖ਼ਤਰਨਾਕ ਤਬਦੀਲੀ’ ਲਿਆ ਸਕਦਾ ਹੈ। ਮਤੇ ਦੇ ਖਰੜੇ ’ਚ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 15 ਦਾ ਹਵਾਲਾ ਦਿੱਤਾ ਗਿਆ ਹੈ ਜੋ ਮਨੁੱਖੀ ਹੱਕਾਂ ਨਾਲ ਜੁੜੀ ਹੋਈ ਹੈ। ਇਸ ਤੋਂ ਇਲਾਵਾ ਭਾਰਤ ਤੇ ਯੂਰੋਪੀਅਨ ਯੂਨੀਅਨ ਵਿਚਾਲੇ ਰਣਨੀਤਕ ਭਾਈਵਾਲੀ ਤੇ ਮਨੁੱਖੀ ਹੱਕਾਂ ਦੀ ਰਾਖੀ ਬਾਰੇ ਹੋਏ ਸੰਵਾਦਾਂ ਦਾ ਵੀ ਜ਼ਿਕਰ ਹੈ। ਖਰੜੇ ਵਿਚ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਰੋਸ ਪ੍ਰਗਟਾ ਰਹੇ ਲੋਕਾਂ ਨਾਲ ਨਾਲ ਸੁਖਾਵੇਂ ਮਾਹੌਲ ’ਚ ਗੱਲਬਾਤ ਕੀਤੀ ਜਾਵੇ ਤੇ ’ਪੱਖਪਾਤੀ ਐਕਟ’ ਵਾਪਸ ਲੈਣ ਦੀ ਉਨ੍ਹਾਂ ਦੀ ਮੰਗ ’ਤੇ ਗ਼ੌਰ ਕੀਤਾ ਜਾਵੇ। ਮਤੇ ’ਚ ਕਿਹਾ ਗਿਆ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਮੁਜ਼ਾਹਰਾਕਾਰੀਆਂ ਦੀ ਗੱਲ ਸੁਣਨ ਦੀ ਬਜਾਏ ਡਰਾਉਣ-ਧਮਕਾਉਣ ਦਾ ਰਾਹ ਅਖ਼ਤਿਆਰ ਕਰ ਰਹੀ ਹੈ ਤੇ ਮਈ 2019 ਵਿਚ ਸੱਤਾ ਸੰਭਾਲਣ ਤੋਂ ਬਾਅਦ ਇਹ ਲਗਾਤਾਰ ’ਆਪਣੇ ਰਾਸ਼ਟਰਵਾਦੀ ਏਜੰਡੇ ਨੂੰ ਮਜ਼ਬੂਤ ਕਰਨ ’ਚ ਲੱਗੀ ਹੋਈ ਹੈ।’ ਜੇ ਅਗਲੇ ਹਫ਼ਤੇ ਯੂਰੋਪੀਅਨ ਸੰਸਦ ਵਿਚ ਮਤਾ ਪਾਸ ਹੁੰਦਾ ਹੈ ਤਾਂ ਇਸ ਨੂੰ ਭਾਰਤ ਸਰਕਾਰ ਤੇ ਭਾਰਤੀ ਸੰਸਦ ਸਣੇ ਯੂਰੋਪੀਅਨ ਕਮਿਸ਼ਨ ਦੇ ਮੁਖੀਆਂ ਨੂੰ ਭੇਜਿਆ ਜਾਵੇਗਾ। ਮਤੇ ਦੇ ਖਰੜੇ ਵਿਚ ਦੋਸ਼ ਲਾਇਆ ਗਿਆ ਹੈ ਕਿ ਲੱਖਾਂ ਮੁਸਲਮਾਨਾਂ ਨੂੰ ਨਾਗਰਿਕਤਾ ਤੋਂ ਵਾਂਝੇ ਕਰਨ ਲਈ ਕਾਨੂੰਨੀ ਰਸਤਾ ਕੱਢਿਆ ਜਾ ਰਿਹਾ ਹੈ ਜੋ ਕਿ ਬਰਾਬਰੀ ਦੇ ਬੁਨਿਆਦੀ ਹੱਕ ਦੀ ਉਲੰਘਣਾ ਹੈ। ਸੀਏਏ ਜਦ ਐੱਨਆਰਸੀ ਨਾਲ ਲਾਗੂ ਹੋਵੇਗਾ ਤਾਂ ਮੁਸਲਮਾਨਾਂ ਦੀ



**(ਬਾਕੀ ਸਫਾ 3 ‘ਤੇ)**



ਬਾਬਾ ਸਾਹਿਬ ਡਾ ਅੰਬੇਦਕਰ ਜੀ ਦੁਆਰਾ 31 ਜਨਵਰੀ 1920 ਨੂੰ ਸ਼ੁਰੂ ਕੀਤੇ ਗਏ ’ਮੂਕਨਾਇਕ’ (ਮਰਾਠੀ) ਅਖਬਾਰ ਦੇ ਸ਼ਤਾਬਦੀ ਵਰ੍ਹੇ ’ਤੇ ਅਦਾਰਾ ‘ਅੰਬੇਦਕਰ ਟਾਈਮਜ਼’ ‘ਦੇਸ਼ ਦੁਆਬਾ’ ਦਿਲੀ ਹਾਰਦਿਕ ਵਧਾਈ ਦਿੰਦਾ ਹੈ। ਇਸ ਸਬੰਧਤ ਸੰਪਾਦਕੀ, ਲੇਖ ਅਤੇ ਹੋਰ ਜਾਣਕਾਰੀ ਲਈ ‘ਅੰਬੇਦਕਰ ਟਾਈਮਜ਼ ਪੜ੍ਹੋ)

## ਕੋਬੀ ਬ੍ਰਾਇਐਂਟ ਬਾਸਕਟਬਾਲ ਦਾ ਸਿਤਾਰਾ ਅਤੇ ਉਸ ਦੀ 13 ਸਾਲਾ ਦੀ ਬੇਟੀ ਗੀਆਨਾ ਸਮੇਤ

# ਕੈਲੀਫੋਰਨੀਆ ਸੂਬੇ ਦੇ ਕੈਲਾਬੈਸਲ ਹੋਏ ਹੈਲੀਕਾਪਟਰ ਹਾਦਸੇ ਵਿੱਚ 9 ਲੋਕਾਂ ਦੀ ਮੋਤ






**ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ)–** ਬੀਤੇਂ ਦਿਨ ਐਤਵਾਰ ਨੂੰ ਲਾਸ ਏਂਜਲਸ ਕਾਉਂਟੀ ਸ਼ੈਰਿਫ ਵਿਭਾਗ ਦੇ ਅਨੁਸਾਰ ਅਧਿਕਾਰੀ ਅਜੇ ਵੀ ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ, ਜਿਸ ਕਾਰਨ ਸਾਰੇ ਯਾਤਰੀਆਂ ਦੀ ਮੌਤ ਹੋ ਗਈ। ਯਾਦ ਰਹੇਂ ਕਿ ਲੰਘੇਂ ਐਤਵਾਰ ਨੂੰ ਸਵੇਰ ਦੇ 10:30 ਦੇ ਕਰੀਬ ਲਾਸ ਏਂਜਲਸ ਦੇ ਬਾਹਰ ਐੱਨਬੀਏ ਦੇ ਮਸਹੂਰ ਖੇਡ ਸਟਾਰ ਸਮੇਤ ਸਾਰੇ 9 ਯਾਤਰੀ ਹੈਲੀਕਾਪਟਰ ‘ਚ ਸਵਾਰ

**(ਬਾਕੀ ਸਫਾ 5 ਤੇ)**


Indian Grill
Indiangrillsanleandro.com
Pal343@ yahoo.com
510-878-2704, 510-332-1974 Mobile
We do Outdoor & Indoor
Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on
Fox News, MSNBC and Kron 4
FAMILY LAW,
CRIMINAL
DEFENSE
AND CIVIL
LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
jewelers.Bagga@gmail.com
SINCE 1996
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.
959 Corporate Way, Fremont, CA. 94539



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# 'ਦਾਦੀਆਂ' ਨੇ ਸ਼ਾਹੀਨ ਬਾਗ਼ 'ਚ ਰੋਹਿਤ ਵੇਮੁਲਾ ਦੀ ਮਾਂ ਨਾਲ ਲਹਿਰਾਇਆ ਤਿਰੰਗਾ

ਨਵੀਂ ਦਿੱਲੀ- ਸੋਧੇ ਗਏ ਨਾਗਰਿਕਤਾ ਐਕਟ (ਸੀਏਏ) ਖ਼ਿਲਾਫ਼ ਸੰਘਰਸ਼ ਦੀ ਅਗਵਾਈ ਕਰ ਕੇ 'ਸ਼ਾਹੀਨ ਬਾਗ਼ ਦੀਆਂ ਦਾਦੀਆਂ' ਵਜੋਂ ਮਸ਼ਹੂਰ ਹੋਈਆਂ ਤਿੰਨ ਬਜ਼ੁਰਗ ਔਰਤਾਂ- ਹੈਦਰਾਬਾਦ 'ਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੁਲਾ ਦੀ ਮਾਂ ਤੇ ਹੋਰਾਂ ਨੇ ਐਤਵਾਰ ਨੂੰ 71ਵੇਂ ਗਣਤੰਤਰ ਦਿਵਸ ਮੌਕੇ ਸ਼ਾਹੀਨ ਬਾਗ਼ ਵਿਚ ਤਿਰੰਗਾ ਲਹਿਰਾਇਆ। ਮ੍ਰਿਤਕ ਰੋਹਿਤ ਦੀ ਮਾਂ ਰਾਧਿਕਾ ਵੇਮੁਲਾ ਦੇ ਨਾਲ ਇਸ ਮੌਕੇ ਜੇਐੱਨਯੂ ਦਾ ਸਾਬਕਾ ਵਿਦਿਆਰਥੀ ਉਮਰ ਖ਼ਾਲਿਦ ਵੀ ਮੌਜੂਦ ਸੀ। ਇਸ ਮੌਕੇ 'ਦਾਦੀਆਂ' ਦੇ ਨਾਲ ਸ਼ਾਹੀਨ ਬਾਗ਼ ਵਿਚ ਹਾਜ਼ਰ ਹਜ਼ਾਰਾਂ ਬੱਚਿਆਂ ਤੇ ਔਰਤਾਂ ਨੇ ਕੌਮੀ ਤਰਾਨਾ ਵੀ ਗਾਇਆ। ਗੁਜਰਾਤ ਦੇ ਵਿਧਾਇਕ ਜਿਗਨੇਸ਼ ਮੇਵਾਨੀ ਵੀ ਇਸ ਮੌਕੇ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸੀਏਏ ਤੇ ਐੱਨਆਰਸੀ ਖ਼ਿਲਾਫ਼ ਮੁਜ਼ਾਹਰਾਕਾਰੀ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਸ਼ਾਹੀਨ ਬਾਗ਼ 'ਚ ਜੁੜੇ ਹੋਏ ਹਨ ਤੇ ਇਹ ਵਿਵਾਦਤ ਐਕਟ ਖ਼ਿਲਾਫ਼ ਰੋਸ ਦਾ ਕੇਂਦਰ ਬਣ ਕੇ ਉੱਭਰਿਆ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਐਕਟ ਤੇ ਐੱਨਆਰਸੀ ਸਰਕਾਰ ਵੱਲੋਂ ਵਾਪਸ ਲਏ ਜਾਣ ਤੱਕ ਉਹ ਡਟੇ ਰਹਿਣਗੇ। ਬੱਚਿਆਂ ਤੇ ਔਰਤਾਂ ਸਣੇ ਕਈਆਂ ਨੇ ਇਸ ਮੌਕੇ ਦੇਸ਼ ਭਗਤੀ




ਦੇ ਗੀਤ ਗਾਏ ਤੇ ਏਕੇ, ਬਰਾਬਰੀ ਅਤੇ ਧਰਮ-ਨਿਰਪੱਖਤਾ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ 'ਸੀਏਏ ਸੇ ਆਜ਼ਾਦੀ, ਐੱਨਆਰਸੀ ਸੇ ਆਜ਼ਾਦੀ, ਭਾਜਪਾ ਸੇ ਆਜ਼ਾਦੀ' ਦੇ ਨਾਅਰੇ ਵੀ ਲਾਏ।

'ਸ਼ਾਹੀਨ ਬਾਗ਼ ਦੀਆਂ ਤਿੰਨ ਦਾਦੀਆਂ' ਵਿਚੋਂ ਇਕ 75 ਸਾਲਾ ਸਰਵਰੀ ਨੇ ਕਿਹਾ ਕਿ 'ਅਜਿਹਾ ਪ੍ਰਧਾਨ ਮੰਤਰੀ ਸਾਨੂੰ ਨਹੀਂ ਚਾਹੀਦਾ ਜੋ ਸਾਡੀਆਂ ਸ਼ਿਕਾਇਤਾਂ ਦੇ ਫ਼ਿਕਰ ਸੁਣਨਾ ਹੀ ਨਹੀਂ ਚਾਹੁੰਦਾ। ਪ੍ਰਧਾਨ ਮੰਤਰੀ ਜਾਂ ਉਸ ਦੇ ਕਿਸੇ ਨੁਮਾਇੰਦੇ ਨੇ ਹਾਲੇ ਤੱਕ ਸਾਡੇ ਨਾਲ ਰਾਬਤਾ ਹੀ ਨਹੀਂ ਕੀਤਾ, ਨਾ ਸੀਏਏ ਤੇ ਐੱਨਆਰਸੀ ਬਾਰੇ ਕੁਝ ਸਪੱਸ਼ਟ ਕੀਤਾ।' 82 ਸਾਲਾ ਬਿਲਕੀਸ ਨੇ ਕਿਹਾ ਕਿ 'ਜੇ ਸੰਵਿਧਾਨ ਦੀ ਰਾਖ਼ੀ ਕਰਨ ਤੇ ਮੁਲਕ ਦੀ ਫ਼ਿਰਕੂ ਏਕਤਾ ਨੂੰ ਕਾਇਮ ਰੱਖਣ 'ਚ ਅਸੀਂ ਸਫ਼ਲ ਨਾ ਹੋਏ ਤਾਂ ਭਵਿੱਖ ਵੀ ਧੁੰਦਲਾ ਹੋ ਜਾਵੇਗਾ।' 90 ਸਾਲਾ ਅਸਮਾ ਖ਼ਾਤੂਨ ਨੇ ਕਿਹਾ ਕਿ ਅਸੀਂ ਵੰਡ ਪਾਓ ਤੇ ਰਾਜ ਕਰੋ ਦੀ ਇਸ ਨੀਤੀ ਨੂੰ ਲਾਗੂ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਅੱਜ ਧਰਮ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ ਮਗਰੋਂ ਜਾਤ ਦੇ ਅਧਾਰ 'ਤੇ ਪੱਖਪਾਤ ਹੋਵੇਗਾ।

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਈ ਮੇਜਰ ਸਿੰਘ ਅਤੇ ਬੀਬੀ ਪ੍ਰਿਤਪਾਲ ਕੌਰ ਦੇ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਦੀ ਸੇਵਾ 2 ਫਰਵਰੀ 2020

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਈ ਮੇਜਰ ਸਿੰਘ ਅਤੇ ਬੀਬੀ ਪ੍ਰਿਤਪਾਲ ਕੌਰ ਦੇ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਦੀ ਸੇਵਾ 2 ਫਰਵਰੀ 2020 ਨੂੰ ਕਰਵਾਏ ਜਾ ਰਹੇ ਹਨ। ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 31 ਜਨਵਰੀ 2020 ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 2 ਫਰਵਰੀ 2020 ਨੂੰ ਭੋਗ ਪਾਏ ਜਾਣਗੇ। ਇਸ ਦੌਰਾਨ ਰਾਗੀ, ਕੀਰਤਨੀ ਜਥੇ ਸ਼ਬਦ ਗਾਇਨ ਕਰਨਗੇ। ਭਾਈ ਮੇਜਰ ਸਿੰਘ ਅਤੇ ਪ੍ਰਿਤਪਾਲ ਕੌਰ ਪਰਿਵਾਰ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਜਾਵੇਗੀ। ਇਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਸਰਕਾਰ ਵੱਲੋਂ ਤਿੰਨ-ਧਿਰੀ ਬੋਡੋ ਸਮਝੌਤਾ ਸਹੀਬੰਦ

ਨਵੀਂ ਦਿੱਲੀ- ਕੇਂਦਰ ਸਰਕਾਰ ਨੇ ਵੱਖਰੇ ਬੋਡੋਲੈਂਡ ਦੀ ਮੰਗ ਕਰ ਰਹੀਆਂ ਅਸਾਮ ਨਾਲ ਸਬੰਧਤ ਬਾਗ਼ੀ ਸਮੂਹਾਂ ਨਾਲ ਅੱਜ ਇਕ ਕਰਾਰ ਸਹੀਬੰਦ ਕੀਤਾ ਹੈ। ਕਰਾਰ ਤਹਿਤ ਕੇਂਦਰ ਸਰਕਾਰ ਇਨ੍ਹਾਂ ਬੋਡੋ ਲੋਕਾਂ ਨੂੰ ਸਿਆਸੀ ਤੇ ਆਰਥਿਕ ਖੁਸ਼ਹਾਲੀ ਮੁਹੱਈਆ ਕਰਵਾਏਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਮਝੌਤੇ ਨੂੰ 'ਇਤਿਹਾਸਕ' ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਬੋਡੋ ਲੋਕਾਂ ਦੀਆਂ ਦਹਾਕਿਆਂ ਪੁਰਾਣੀ ਮੁਸ਼ਕਲਾਂ ਦਾ ਸਥਾਈ ਹੱਲ ਨਿਕਲੇਗਾ। ਸ੍ਰੀ ਮੋਦੀ ਨੇ ਕਿਹਾ ਕਿ ਸਮਝੌਤਾ ਸੂਬੇ ਵਿੱਚ ਅਮਨ, ਖੁਸ਼ਹਾਲੀ ਤੇ ਇਕਸੁਰਤਾ ਦੀ ਨਵੀਂ ਸਵੇਰ ਲੈ ਕੇ ਆਵੇਗਾ। ਇਸ ਤਿੰਨ ਧਿਰੀ ਸਮਝੌਤੇ 'ਤੇ ਅਸਾਮ ਦੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਗ੍ਰਹਿ ਮੰਤਰਾਲੇ 'ਚ ਜੁਆਇੰਟ ਸਕੱਤਰ ਸਤੇਂਦਰ ਗਰਗ, ਅਸਾਮ ਦੇ ਮੁੱਖ ਸਕੱਤਰ ਕੁਮਾਰ ਸੰਜੈ ਕ੍ਰਿਸ਼ਨ ਅਤੇ ਨੈਸ਼ਨਲ ਡੈਮੋਕਰੈਟਿਕ ਫਰੰਟ ਆਫ਼ ਬੋਡੋਲੈਂਡ (ਐੱਨਡੀਐੱਫਬੀ) ਤੇ ਆਲ ਬੋਡੋ ਵਿਦਿਆਰਥੀ ਯੂਨੀਅਨ (ਏਬੀਐੱਸਯੂ) ਨਾਲ ਸਬੰਧਤ ਚਾਰ ਧਿਰਾਂ ਨੇ ਸਹੀ ਪਾਈ। ਸਮਝੌਤਾ ਸਹੀਬੰਦ ਕਰਨ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਮੌਜੂਦ ਸਨ। ਐੱਨਡੀਐੱਫਬੀ, ਜਿੱਥੇ ਅਸਾਮ ਦੀ ਸਭ ਤੋਂ ਖ਼ੌਫਨਾਕ ਵੱਖਵਾਦੀ ਗਰੁੱਪਾਂ 'ਚੋਂ ਇਕ ਹੈ, ਉਥੇ ਏਬੀਐੱਸਯੂ ਸਾਲ 1972 ਤੋਂ ਵੱਖਰੇ ਬੋਡੋਲੈਂਡ ਦੀ ਮੰਗ ਨੂੰ ਲੈ ਕੇ ਅੰਦੋਲਨ ਦੇ ਰਾਹ ਪਿਆ ਹੋਇਆ ਹੈ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, 'ਇਸ ਇਤਿਹਾਸਕ ਸਮਝੌਤੇ ਨਾਲ ਨਾ ਸਿਰਫ਼ ਬੋਡੋ ਖੇਤਰਾਂ ਦਾ ਵਿਕਾਸ ਸੰਭਵ ਹੋਵੇਗਾ ਬਲਕਿ ਅਸਾਮ ਦੀ ਸੂਬਾਈ ਪ੍ਰਭੂਸੱਤਾ ਨਾਲ ਕੋਈ ਛੇੜਛਾੜ ਕੀਤੇ ਬਿਨਾਂ ਸਥਾਨਕ ਲੋਕਾਂ ਦੀ ਭਾਸ਼ਾ ਤੇ ਸਭਿਆਚਾਰ ਨੂੰ ਵੀ ਬਚਾਇਆ ਜਾਵੇਗਾ।' ਉਨ੍ਹਾਂ ਕਿਹਾ ਕਿ ਬੋਡੋ ਅਤਿਵਾਦੀਆਂ ਵੱਲੋਂ ਕੀਤੀ ਹਿੰਸਾ ਕਰਕੇ ਪਿਛਲੇ ਕੁਝ ਦਹਾਕਿਆਂ ਵਿੱਚ ਚਾਰ ਹਜ਼ਾਰ ਤੋਂ ਵੱਧ ਲੋਕਾਂ ਨੂੰ ਜਾਨ ਗੁਆਉਣੀ ਪਈ ਹੈ। ਉਨ੍ਹਾਂ ਕਿਹਾ ਕਿ ਅਸਾਮ ਤੇ ਉੱਤਰ-ਪੂਰਬ ਖੇਤਰ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਅਸਾਮ ਦੇ ਮੁੱਖ ਮੰਤਰੀ ਸੋਨੋਵਾਲ ਨੇ ਕਿਹਾ ਕਿ ਸਮਝੌਤੇ ਮਗਰੋਂ ਸੂਬੇ ਵਿੱਚ ਰਹਿੰਦੇ ਵੱਖ ਵੱਖ ਭਾਈਚਾਰਿਆਂ ਨੂੰ ਇਕਸੁਰ ਹੋ ਕੇ ਰਹਿ ਸਕਣਗੇ। ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨੇ ਕਿਹਾ ਕਿ ਸਮਝੌਤੇ ਨਾਲ ਬੋਡੋ ਮੁੱਦੇ ਦਾ ਵਿਆਪਕ ਹੱਲ ਨਿਕਲੇਗਾ। ਅਸਾਮ ਸਰਕਾਰ 'ਚ ਮੰਤਰੀ ਤੇ ਭਾਜਪਾ ਆਗੂ ਹੇਮੰਤਾ ਬਿਸਵਾ ਸਰਮਾ ਨੇ ਕਿਹਾ ਕਿ ਸਮਝੌਤੇ ਮੁਤਾਬਕ ਐੱਨਡੀਐੱਫਬੀ ਨਾਲ ਸਬੰਧਤ 1550 ਦੇ ਕਰੀਬ ਦਹਿਸ਼ਤਗਰਦ 30 ਜਨਵਰੀ ਨੂੰ ਹਥਿਆਰਾਂ ਛੱਡਣਗੇ ਤੇ ਅਗਲੇ ਤਿੰਨ ਸਾਲਾਂ ਵਿੱਚ ਸੂਬੇ ਵਿੱਚ 1500 ਕਰੋੜ ਰੁਪਏ ਦਾ ਆਰਥਿਕ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ। ਪਿਛਲੇ 27 ਸਾਲਾਂ ਵਿੱਚ ਇਹ ਤੀਜਾ ਬੋਡੋ ਕਰਾਰ ਹੈ।

**12 ਘੰਟੇ ਬੰਦ ਦੇ ਸੱਦੇ ਦਾ ਅਸਰ ਚਾਰ ਜ਼ਿਲ੍ਹਿਆਂ 'ਚ ਨਜ਼ਰ ਆਇਆ**

ਗੁਹਾਟੀ: ਗੈਰ-ਬੋਡੋ ਜਥੇਬੰਦੀਆਂ ਵੱਲੋਂ ਬੋਡੋ ਕਰਾਰ ਦੇ ਵਿਰੋਧ ਵਿੱਚ ਦਿੱਤੇ 12 ਘੰਟੇ ਅਸਾਮ ਬੰਦ ਦੇ ਸੱਦੇ ਨਾਲ ਬੋਡੋ ਪ੍ਰਾਦੇਸ਼ਕ ਕੌਂਸਲ ਅਧੀਨ ਆਉਂਦੇ ਚਾਰ ਜ਼ਿਲ੍ਹਿਆਂ ਵਿੱਚ ਆਮ ਜ਼ਿੰਦਗੀ ਲੀਹੋਂ ਲੱਥ ਗਈ। ਅਧਿਕਾਰਤ ਸੂਤਰਾਂ ਮੁਤਾਬਕ ਕੋਕਰਾਝਾਰ, ਬਕਸਾ, ਚਿਰਾਂਗ ਤੇ ਉਡਲਗੁੜੀ ਜ਼ਿਲ੍ਹਿਆਂ ਵਿੱਚ ਆਮ ਲੋਕਾਂ ਨੂੰ ਖਾਸੀ ਪ੍ਰੇਸ਼ਾਨੀ ਹੋਈ ਜਦੋਂਕਿ ਹੋਰਨਾਂ ਜ਼ਿਲ੍ਹਿਆਂ ਵਿੱਚ ਬੰਦ ਦਾ ਕੋਈ ਅਸਰ ਵਿਖਾਈ ਨਹੀਂ ਦਿੱਤਾ।

# ਗਰਭਵਤੀ ਔਰਤਾਂ ਨੂੰ ਅਮਰੀਕਾ ਆਉਣੋਂ ਰੋਕਣ ਲਈ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**—ਅਮਰੀਕੀ ਵਿਦੇਸ਼ ਵਿਭਾਗ ਨੇ ਗਰਭਵਤੀ ਔਰਤਾਂ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਵੀਜ਼ਾ ਅਧਿਕਾਰੀਆਂ ਨੂੰ ਹੋਰ ਅਧਿਕਾਰ ਦਿੱਤੇ ਹਨ। ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਸੈਰ ਸਪਾਟੇ ਤਹਿਤ ਆਉਂਦੀਆਂ ਗਰਭਵਤੀ ਔਰਤਾਂ ਨੂੰ ਵੀਜ਼ਾ ਦੇਣਾ ਬੰਦ ਕਰੇ ਕਿਉਂਕਿ 'ਬਰਥ ਟੂਰਿਜ਼ਮ' ਦਾ ਮਕਸਦ ਆਪਣੇ ਬੱਚਿਆਂ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨਾ ਹੁੰਦਾ ਹੈ। ਸ਼ੁਕਰਵਾਰ ਤੋਂ ਅਮਰੀਕੀ ਪ੍ਰਸ਼ਾਸਨ ਨੇ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਨਵੇਂ ਨਿਯਮਾਂ ਤਹਿਤ ਮੈਡੀਕਲ ਇਲਾਜ਼ ਜਾਂ ਆਪਣੇ ਮਿੱਤਰਾਂ- ਦੋਸਤਾਂ ਨੂੰ ਮਿਲਣ ਲਈ ਆਉਣ ਵਾਲੇ ਲੋਕਾਂ ਨੂੰ ਵੀਜ਼ਾ ਦੇਣ ਦੀ ਵਿਵਸਥਾ ਹੈ। ਇਥੇ ਵਰਣਨਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਮੁੱਦੇ ਉਪਰ ਸ਼ੁਰੂ ਤੋਂ ਹੀ ਸਖ਼ਤ ਰੁਖ ਅਖਤਿਆਰ ਕੀਤਾ ਹੋਇਆ ਹੈ। ਉਹ ਉਸ ਸੰਵਿਧਾਨਕ ਵਿਵਸਥਾ ਦੇ ਵੀ ਵਿਰੋਧੀ ਹਨ ਜਿਸ ਤਹਿਤ ਅਮਰੀਕਾ ਦੀ ਧਰਤੀ 'ਤੇ ਜਨਮੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦਿੱਤੀ ਜਾਂਦੀ ਹੈ।




ਅਮਰੀਕੀ ਪ੍ਰਸ਼ਾਸਨ ਦਾ ਇਹ ਵੀ ਤਰਕ ਹੈ ਕਿ 'ਬਰਥ ਟਰਿਜ਼ਮ' ਨਾਲ ਦੇਸ਼ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੁੰਦਾ ਹੈ ਪਰੰਤੂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਅਮਰੀਕੀ ਅਧਿਕਾਰੀ ਇਕ ਵੀ ਅਜਿਹੀ ਉਦਾਹਰਣ ਦੇਣ ਵਿਚ ਅਸਫਲ ਰਹੇ ਜਿਸ ਨਾਲ 'ਬਰਥ ਟੂਰਿਜ਼ਮ' ਨਾਲ ਕੌਮੀ ਸੁਰਖਿਆ ਨੂੰ ਖਤਰਾ ਪੈਦਾ ਹੋਇਆ ਹੋਵੇ।

# ਕਰੋਨਾ ਵਾਇਰਸ: ਹਵਾਈ ਅੱਡੇ 'ਤੇ 189 ਯਾਤਰੀਆਂ ਦੀ ਜਾਂਚ

ਐਸ.ਏ.ਐਸ. ਨਗਰ (ਮੁਹਾਲੀ)- ਮੁਹਾਲੀ ਵਿੱਚ ਕਰੋਨਾ ਵਾਇਰਸ ਦਾ ਸ਼ੱਕੀ ਮਰੀਜ਼ ਸਾਹਮਣੇ ਆਉਣ ਤੋਂ ਬਾਅਦ ਸਿਹਤ ਵਿਭਾਗ ਨੂੰ ਭਾਜੜਾਂ ਪੈ ਗਈਆਂ ਹਨ। ਮਰੀਜ਼ ਨੂੰ ਪੀਜੀਆਈ ਹਸਪਤਾਲ ਰੈਫ਼ਰ ਕੀਤਾ ਗਿਆ ਹੈ। ਉਹ ਹਫ਼ਤਾ ਪਹਿਲਾਂ ਹੀ ਚੀਨ ਤੋਂ ਪਰਤਿਆ ਸੀ। ਫਿਲਹਾਲ ਮਰੀਜ਼ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮੁਹਾਲੀ ਦੇ ਸਿਵਲ ਸਰਜਨ ਡਾ. ਮਨਜੀਤ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਾਲੇ ਪੀਜੀਆਈ ਨੇ ਮਰੀਜ਼ ਨੂੰ ਕਰੋਨਾ ਵਾਇਰਸ ਦੀ ਪੁਸ਼ਟੀ ਨਹੀਂ ਕੀਤੀ। ਉਸ ਦਾ ਜ਼ਰੂਰੀ ਸੈਂਪਲ ਲੈ ਕੇ ਪੁਣੇ ਦੀ ਲੈਬ ਵਿੱਚ ਭੇਜਿਆ ਗਿਆ ਹੈ।

ਉਧਰ, ਸਿਵਲ ਸਰਜਨ ਡਾ. ਮਨਜੀਤ ਸਿੰਘ ਦੀ ਅਗਵਾਈ ਹੇਠ ਅੱਜ ਜ਼ਿਲ੍ਹਾ ਸਿਹਤ ਵਿਭਾਗ ਦੀ ਟੀਮ ਨੇ ਮੁਹ-ਾਲੀ ਕੌਮਾਂਤਰੀ ਹਵਾਈ ਅੱਡੇ 'ਤੇ ਸ਼ਾਰਜਾਹ ਤੋਂ ਆਈ ਉਡਾਨ ਦੇ ਕਰੀਬ 189 ਯਾਤਰੀਆਂ ਦੀ ਜਾਂਚ ਕੀਤੀ ਪਰ ਕੋਈ ਵੀ ਯਾਤਰੀ ਖਾਂਸੀ, ਸਿਰਦਰਦ ਜਾਂ ਬੁਖ਼ਾਰ ਤੋਂ ਪੀੜਤ ਨਹੀਂ ਸੀ। ਸਿਵਲ ਸਰਜਨ ਨੇ ਏਅਰਪੋਰਟ ਅਥਾਰਟੀ, ਪੁਲੀਸ ਮੁਲਾਜ਼ਮਾਂ ਤੇ ਸਮੂਹ ਜਹਾਜ਼ ਕੰਪਨੀਆਂ ਨੂੰ ਕਰੋਨਾ ਵਾਇਰਸ ਦੇ ਖ਼ਤਰੇ ਨਾਲ ਨਜਿੱਠਣ ਲਈ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ-ਕਮ-ਨੋਡਲ ਅਫ਼ਸਰ ਡਾ. ਹਰਮਨਦੀਪ ਕੌਰ, ਡਾ. ਨਵਦੀਪ ਸਿੰਘ ਆਦਿ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਕੋਈ ਵੀ ਮੁਸਾਫ਼ਰ ਅਜਿਹਾ ਨਹੀਂ ਮਿਲਿਆ ਜਿਹੜਾ ਪਿਛਲੇ ਕੁਝ ਦਿਨਾਂ ਦੌਰਾਨ ਚੀਨ ਗਿਆ ਹੋਵੇ ਜਾਂ ਜਿਸ ਦਾ ਚੀਨ ਤੋਂ ਪਰਤੇ ਕਿਸੇ ਵਿਅਕਤੀ ਨਾਲ ਸੰਪਰਕ ਰਿਹਾ ਹੋਵੇ।

ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ 'ਚ ਕਰੋਨਾ ਵਾਇਰਸ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਮੁਹਾਲੀ ਤੋਂ ਜਿਹੜੇ ਮਰੀਜ਼ ਨੂੰ ਪੀਜੀਆਈ ਭੇਜਿਆ ਗਿਆ ਹੈ।

# ਮਾਈਕਰੋਸਾਫ਼ਟ ਸੀ ਈ ਓ ਸਤਿਆ ਨਡੇਲਾ ਸੀ ਏ ਏ ਬਾਰੇ ਟਿੱਪਣੀ ਕਰਕੇ ਵਿਵਾਦਾਂ ਵਿਚ ਘਿਰੇ

**ਨਿਊਯਾਰਕ (ਹੁਸਨ ਲੜੋਆ ਬੰਗਾ)**— ਭਾਰਤ ਸਰਕਾਰ ਵੱਲੋਂ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੀ ਅਲੋਚਨਾ ਕਰਕੇ ਭਾਰਤੀ ਮੂਲ ਦੇ ਅਮਰੀਕੀ ਮਾਈਕਰੋਸਾਫਟ ਸੀ ਈ ਓ ਸਤਿਆ ਨਡੇਲਾ ਵਿਵਾਦਾਂ ਵਿਚ ਘਿਰ ਗਏ ਹਨ। ਉਨਾਂ ਨੇ ਨਾਗਰਿਕਤਾ ਸੋਧ ਕਾਨੂੰਨ ਉਪਰ ਇਕ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਸੀ ਕਿ ਜੋ ਕੁਝ ਭਾਰਤ ਵਿਚ ਹੋ ਰਿਹਾ ਹੈ ਉਹ ਬੁਰਾ ਹੋ ਰਿਹਾ ਹੈ। ਮੈਨਹਟਨ (ਨਿਊਯਾਰਕ) ਵਿਚ ਨਡੇਲਾ, ਜਿਨਾਂ ਦਾ ਪਿਛੋਕੜ ਹੈਦਰਾਬਾਦ ਨਾਲ ਜੁੜਿਆ ਹੋਇਆ ਹੈ, ਨੇ ਸੰਪਾਦਕਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਚਹੁੰਦੇ ਹਨ ਕਿ ਪ੍ਰਵਾਸੀ ਭਾਰਤ ਵਿਚ ਆਉਣ ਤੇ ਇਥੇ ਸਥਾਪਿਤ ਹੋਣ। ਬੇਨ ਸਮਿਥ ਐਡੀਟਰ ਇਨ ਚੀਫ ਬਜ਼ਫੀਡ ਨਿਊਜ਼ ਡਾਟ ਕਾਮ ਅਨੁਸਾਰ ਨਾਗਰਿਕਤਾ ਸੋਧ ਕਾਨੂੰਨ ਬਾਰੇ



ਨਡੇਲਾ ਨੇ ਕਿਹਾ ਸੀ ਕਿ ' ਮੈ ਸੋਚਦਾ ਹਾਂ ਕਿ ਜੋ ਕੁਝ ਵਾਪਰ ਰਿਹਾ ਹੈ, ਉਹ ਬੁਰਾ ਹੈ। ਮੈ ਇਹ ਵੇਖਕੇ ਖੁਸ਼ ਹੋਵਾਂਗਾ ਕਿ ਇਕ ਬੰਗਲਾਦੇਸ਼ੀ ਭਾਰਤ ਆਵੇ ਤੇ ਅਗਲੀ ਯੁਨੀਕਾਮ ਪੈਦਾ ਕਰੇ ਜਾਂ ਇਨਫੋਇਸਜ਼ ਦਾ ਅਗਲਾ ਸੀ.ਈ. ਓ. ਬਣੇ'' ਹਾਲਾਂ ਕਿ ਬਾਅਦ ਵਿਚ ਮਾਈਕਰੋਸਾਫਟ ਨੇ ਨਡੇਲਾ ਦੀ ਤਰਫੋਂ ਸਫਾਈ ਦਿੰਦਿਆਂ ਇਕ ਬਿਆਨ ਜਾਰੀ ਕੀਤਾ ਸੀ ਜਿਸ ਵਿਚ ਉਨਾਂ ਕਿਹਾ ਸੀ ਕਿ ' ਹਰ ਇਕ ਦੇਸ਼ ਨੂੰ ਆਪਣੀਆਂ ਸਰਹੱਦਾਂ ਦੀ ਵਿਆਖਿਆ ਕਰਨ, ਰਾਸ਼ਟਰੀ ਸੁਰੱਖਿਆ ਦੀ ਹਿਫ਼ਾਜਤ ਕਰਨ ਤੇ ਉਸ ਅਨੁਸਾਰ ਇਮੀਗ੍ਰੇਸ਼ਨ ਨੀਤੀ ਬਣਾਉਣ ਦਾ ਅਧਿਕਾਰ ਹੈ'। ਪਰ ਇਸ ਦੇ ਬਾਵਜੂਦ ਸੋਸ਼ਲ ਮੀਡੀਆ ਉਪਰ ਨਡੇਲਾ ਦੀ ਅਲੋਚਨਾ ਹੋ ਰਹੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਕੀ ਲੋਕ ਮਾਈਕਰੋਸਾਫ਼ਟ ਦਾ ਬਾਈਕਾਟ ਕਰਨਗੇ?

# ਯੂਰਪੀਅਨ ਯੂਨੀਅਨ ਸੰਸਦ ਵਿੱਚ ਸੋਧੇ ਨਾਗਰਿਕਤਾ ਕਾਨੂੰਨ ਖ਼ਿਲਾਫ਼ ਮਤਾ

(ਸਫਾ 1 ਦੀ ਬਾਕੀ)

ਨਾਗਰਿਕਤਾ ਜਾਂਦੀ ਰਹੇਗੀ। ਯੂਰੋਪੀਅਨ ਯੂਨੀਅਨ ਵਿਚਲੇ ਗਰੁੱਪਾਂ ਵੱਲੋਂ ਕਰੀਬ ਛੇ ਮਤੇ ਰੱਖੇ ਗਏ ਹਨ। ਇਸੇ ਦੌਰਾਨ ਫਰਾਂਸ ਨੇ ਸੀਏਏ ਨੂੰ ਭਾਰਤ ਦਾ ਅੰਦਰੂਨੀ ਮਸਲਾ ਕਰਾਰ ਦਿੱਤਾ ਹੈ। 751 ਮੈਂਬਰੀ ਸੰਸਦ 'ਚ ਕਰੀਬ 600 ਮੈਂਬਰ ਇਨ੍ਹਾਂ ਮਤਿਆਂ ਦਾ ਸਮਰਥਨ ਕਰ ਰਹੇ ਹਨ। ਇਹ ਮਤੇ ਸਮਾਜਵਾਦੀ ਤੇ ਡੈਮੋਕਰੈਟ ਪ੍ਰੋਗਰੈਸਿਵ ਐਲਾਇੰਸ, ਯੂਰੋਪੀਅਨ ਪੀਪਲਜ਼ ਪਾਰਟੀ, ਗ੍ਰੀਨਜ਼-ਯੂਰੋਪੀਅਨ ਫ਼ਰੀ ਐਲਾਇੰਸ, ਯੂਰੋਪੀਅਨ ਕੰਜ਼ਰਵੇਟਿਵ ਤੇ ਰਿਫੌਰਮਿਸਟ, ਰੀਨਿਊ ਯੂਰੋਪ ਅਤੇ ਯੂਰੋਪੀਅਨ ਯੂਨਾਇਟਿਡ ਲੈਫਟKਨੌਰਡਿਕ ਗ੍ਰੀਨ ਲੈਫ਼ਟ ਗਰੁੱਪ ਨੇ ਪਾਏ ਹਨ। ਯੂਰੋਪੀਅਨ ਯੂਨਾਇਟਿਡ ਲੈਫਟKਨੌਰਡਿਕ ਗ੍ਰੀਨ ਲੈਫ਼ਟ ਗਰੁੱਪ ਵੱਲੋਂ ਪਾਏ ਗਏ ਮਤੇ ਵਿਚ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਤੇ ਹੁਣ ਹਟਾਈ ਲਈ ਗਈ ਧਾਰਾ 370 ਦਾ ਵੀ ਜ਼ਿਕਰ ਹੈ। ਇਨ੍ਹਾਂ ਮਤਿਆਂ 'ਤੇ ਅਗਲੇ ਹਫ਼ਤੇ ਬੁੱਧਵਾਰ ਨੂੰ ਬਰੱਸਲਜ਼ ਵਿਚ ਵਿਚਾਰ-ਚਰਚਾ ਤੋਂ ਬਾਅਦ ਅਗਲੇ ਦਿਨ ਵੋਟਿੰਗ ਹੋ ਸਕਦੀ ਹੈ।

**ਇਕ ਵਿਧਾਨਕਾਰ ਵੱਲੋਂ ਦੂਜੇ ਖ਼ਿਲਾਫ਼ ਫੈਸਲਾ ਦੇਣਾ .ਗੈਰਵਾਜਬ: ਬਿਰਲਾ**

ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਯੂਰੋਪੀਅਨ ਸੰਸਦ ਦੇ ਪ੍ਰਧਾਨ ਡੇਵਿਡ ਮਾਰੀਆ ਸਾਸੋਲੀ ਨੂੰ ਇਕ ਪੱਤਰ ਲਿਖ ਕੇ ਸੰਸਦ ਵਿੱਚ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀਏਏ) ਖਿਲਾਫ਼ ਪੇਸ਼ ਮਤਿਆਂ 'ਤੇ ਉਜਰ ਜਤਾਇਆ ਹੈ। ਸ੍ਰੀ ਬਿਰਲਾ ਨੇ ਕਿਹਾ ਕਿ ਇਕ ਵਿਧਾਨਕਾਰ ਵੱਲੋਂ ਦੂਜੇ ਖ਼ਿਲਾਫ਼ ਫੈਸਲਾ ਦੇਣਾ ਗ਼ੈਰਵਾਜਬ ਹੈ ਤੇ ਇਸ ਵਿਧਾਨਕ ਕਾਰਵਾਈ ਦੀ ਸਵਾਰਥੀ ਹਿੱਤਾਂ ਲਈ ਦੁਰਵਰਤੋਂ ਹੋ ਸਕਦੀ ਹੈ। ਉਂਜ ਬਿਰਲਾ ਨੇ ਪੱਤਰ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅੰਤਰ-ਸੰਸਦੀ ਯੂਨੀਅਨ ਦਾ ਮੈਂਬਰ ਹੋਣ ਦੇ ਨਾਤੇ 'ਸਾਨੂੰ ਆਪਣੇ ਸਾਥੀ ਵਿਧਾਨਕਾਰਾਂ ਦੇ ਪ੍ਰਭੂਸੱਤਾ ਨਾਲ ਜੁੜੇ ਅਮਲਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।' ਉਧਰ ਉਪ ਰਾਸ਼ਟਰਪਤੀ ਐੱਮ.ਵੈਂਕੱਈਆ ਨਾਇਡੂ, ਜੋ ਉਪਰਲੇ ਸਦਨ (ਰਾਜ ਸਭਾ) ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਬਾਹਰੀ ਦਖ਼ਲ ਲਈ ਕੋਈ ਗੁੰਜਾਇਸ਼ ਨਹੀਂ ਹੈ ਤੇ ਭਾਰਤ ਆਪਣੇ ਸਰੋਕਾਰਾਂ ਨਾਲ ਖੁਦ ਮੁਖਾਤਿਬ ਹੋਣ ਦੇ ਸਮਰੱਥ ਹੈ। ਸ੍ਰੀ ਬਿਰਲਾ ਤੇ ਉਪ ਰਾਸ਼ਟਰਪਤੀ ਦਾ ਉਪਰੋਕਤ ਪ੍ਰਤੀਕਰਮ ਅਜਿਹੇ ਮੌਕੇ ਆਇਆ ਹੈ, ਜਦੋਂ 751 ਮੈਂਬਰੀ ਯੂਰੋਪੀਅਨ ਸੰਸਦ ਵਿੱਚੋਂ 600 ਦੇ ਕਰੀਬ ਕਾਨੂੰਨਘਾੜਿਆਂ ਨੇ ਸੀਏਏ ਖ਼ਿਲਾਫ਼ 6 ਮਤੇ ਰੱਖੇ ਹਨ। ਸੱਤਾਧਾਰੀ ਭਾਜਪਾ ਨੇ ਜਿੱਥੇ ਯੂਰੋਪੀਅਨ ਸੰਸਦ ਵਿੱਚ ਮਤੇ ਰੱਖਣ ਦੇ ਮੰਤਵ 'ਤੇ ਸਵਾਲ ਉਠਾਇਆ ਹੈ, ਉਥੇ ਕਾਂਗਰਸ ਨੇ ਭਗਵਾ ਪਾਰਟੀ 'ਤੇ ਨਾਗਰਿਕਤਾ ਮੁੱਦੇ ਦਾ ਕੌਮਾਂਤਰੀਕਰਨ ਕੀਤੇ ਜਾਣ ਦਾ ਦੋਸ਼ ਲਾਇਆ ਹੈ। ਇਸ ਦੌਰਾਨ ਇਕ ਸਫ਼ਾਰਤੀ ਸੂਤਰ ਨੇ ਕਿਹਾ ਕਿ ਫਰਾਂਸ, ਜੋ ਯੂਰੋਪੀਅਨ ਯੂਨੀਅਨ ਦਾ ਬਾਨੀ ਮੈਂਬਰ ਹੈ, ਵੱਲੋਂ ਨਵੇਂ ਨਾਗਰਿਕਤਾ ਕਾਨੂੰਨ ਨੂੰ ਭਾਰਤ ਦਾ ਅੰਦਰੂਨੀ ਮਸਲੇ ਵਜੋਂ ਵਿਚਾਰਿਆ ਜਾ ਰਿਹਾ ਹੈ।

# ਵਿਪਸਾ ਵਲੋਂ ਵਰ੍ਹਾ 2019 ਦੀਆਂ ਪ੍ਰਾਪਤੀਆਂ ਅਤੇ 2020 ਦੀਆਂ ਯੋਜਨਾਵਾਂ 'ਤੇ ਇਕ ਪੰਛੀ ਝਾਤ

ਬੀਤੇ ਐਤਵਾਰ, ਕਡਿੰਗੋ ਈਡਨ ਯੂਥ ਕੇਂਦਰ, ਹੇਵਰਡ, ਕੈਲੀਫੋਰਨੀਆ ਵਿਖੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ, ਦੀ ਮਾਸਿਕ ਮਿਲਣੀ ਵਿਚ ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਸਵਾਗਤੀ ਭਾਸ਼ਨ ਵਿਚ ਵਰ੍ਹਾ 2019 ਦੀਆਂ ਪ੍ਰਾਪਤੀਆਂ ਦੇ ਹਵਾਲੇ ਨਾਲ ਸਾਰੇ ਲੇਖਕਾਂ, ਹਿਤੈਸ਼ੀਆਂ, ਸਰੋਤਿਆਂ ਅਤੇ ਖਾਸ ਕਰਕੇ ਉਹਨਾਂ ਸਰਪ੍ਰਸਤਾਂ ਦਾ ਵਿਪਸਾ ਵਲੋਂ ਧੰਨਵਾਦ ਕੀਤਾ ਜਿੰਨਾਂ ਦੀ ਮਾਲੀ ਸਹਾਇਤਾ ਨੇ ਵਰ੍ਹੇ ਦੀ ਵਾਰਸ਼ਿਕ ਕਾਨਫਰੰਸ ਨੂੰ ਸਫਲਤਾ ਦੇ ਸਿਖਰ ਤੇ ਪਹੁੰਚਾਇਆ। ਸੀਰਤ ਨੇ ਅਜੇਹੇ ਪ੍ਰਤਿਨਿਧ ਸਰਪ੍ਰਸਤਾਂ ਵਿਚ ਗੁਰਦੀਪ ਸਿੰਘ ਸੇਖੋਂ ($1000), ਸੁਰਿੰਦਰ ਸਿੰਘ ਧਨੋਆ ($1000 ), ਲਾਲੀ ਸਿੰਘ ਧਨੋਆ ($500), ਡਾ. ਬਲਵਿੰਦਰ ਸਿੰਘ ($500), ਡਾ.ਅਜੀਤ ਪਾਲ ਸੰਧੂ ($250) ਅਤੇ ਹੋਠੀ ਫਰਾਈਟ ਲਾਇਨਜ਼ ($250) ਦਾ ਖਾਸ ਤੌਰ ਤੇ ਧੰਨਵਾਦ ਕੀਤਾ। ਇਸ ਵਰ੍ਹੇ ਵਿਪਸਾ ਵਲੋਂ ਕਾਨਫਰੰਸ ਤੋਂ ਛੁੱਟ 10 ਮਾਸਿਕ, 4 ਵਿਸ਼ੇਸ਼ ਅਤੇ 4 ਕਾਰਜ-ਕਾਰਨੀ ਦੀਆਂ ਬੈਠਕਾਂ ਹੋਈਆਂ। ਵਿਪਸਾ ਦੀ ਵਿਸ਼ੇਸ਼ ਪ੍ਰਾਪਤੀ ਇਸ ਤੱਥ ਵਿਚ ਨਿਹੱਤ ਰਹੀ ਕਿ ਅਮਰੀਕਾ ਵਿਚ ਪੰਜਾਬੀ ਸ਼ਾਇਰੀ ਨਾਲ 59 ਜੁੜੇ ਸ਼ਾਇਰਾਂ ਦੀ ਨਿਸ਼ਾਨਦੇਹੀ ਕਰਾ ਰਹੀ ਕਾਵਿ ਪੁਸਤਕ, 'ਅਮਰੀਕੀ ਪੰਜਾਬੀ ਕਵਿਤਾ-ਭਾਗ 2' ਦਾ ਪ੍ਰਕਾਸ਼ਨ, ਜਿਸ ਦੇ ਸੰਪਾਦਕ ਪ੍ਰੋ. ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਰਵਿੰਦਰ ਸਹਿਰਾਅ ਹਨ, ਇਕ ਬਹੁਤ ਵੱਡੀ ਪ੍ਰਾਪਤੀ ਵਜੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਚਰਚਾ ਦਾ ਵਿਸ਼ਾ ਹੋ ਨਿਬੜਿਆ ਹੈ। ਵਰ੍ਹਾ 2020 ਵਿਚ ਸਿਰੇ ਚਾੜ੍ਹਨ ਵਾਲੀਆਂ ਯੋਜਨਾਵਾਂ ਵਿਚ ਮਹੀਨੇਵਾਰ ਬੈਠਕਾਂ, ਵਿਸ਼ੇਸ਼ ਬੈਠਕਾਂ ਤੋਂ ਛੁੱਟ ਨਿਰੋਲ ਸੰਗੀਤਕ ਗਾਇਕੀ, ਮਿਸ਼ਰਤ ਮੁਸ਼ਾਇਰਾ, ਗੁਰੂਘਰਾਂ ਅਤੇ ਵਿਦਿਅਕ ਸੰਸਥਾਵਾਂ ਵਿਚ ਪੰਜਾਬੀ ਭਾਸ਼ਾ ਦੀ ਸਿਖਿਆ ਪ੍ਰਾਪਤ ਕਰ ਰਹੇ ਯੂਥ ਨੂੰ ਸਾਹਿਤ ਪ੍ਰਤੀ ਜਾਗਰੂਕ ਕਰਾਉਣਾਅਤੇ ਵਿਸ਼ੇਸ਼ ਕਰਕੇ ਦੋ ਦਿਵਸੀ ਸਾਹਿਤਕ ਕਾਨਫਰੰਸ ਕਰਾਉਣੀ ਜਿਸ ਵਿਚ ਕੇਂਦਰੀ ਆਕਰਸ਼ਨ ਵਜੋਂ ਪੁਸਤਕ, ਨੌਰਥ ਅਮਰੀਕਾ ਦੀ ਚੋਣਵੀਂ ਪਰਵਾਸੀ ਕਹਾਣੀ' ਦਾ ਨਿਰਮਾਣ ਸ਼ਾਮਿਲ ਹੈ ਜਿਸ ਦੇ ਸੰਪਾਦਕ ਅਮਰਜੀਤ ਪੰਨੂ, ਲਾਜ ਨੀਲਮ ਸੈਣੀ ਅਤੇ ਸੁਰਜੀਤ ਕੌਰ(ਬਰੈਂਟਵੁਡ-ਕੈਨੇਡਾ) ਹੋਣ ਗੇ। (ਇਸ ਪੁਸਤਕ ਸਬੰਧੀ ਕਹਾਣੀਆਂ ਦੀ ਚੋਣ ਨਿਰੰਤਰ ਕੀਤੀ ਜਾ ਰਹੀ ਹੈ)। ਸਾਹਿਤਕ ਬੈਠਕ ਦੇ ਆਰੰਭ ਵਿਚ ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਪ੍ਰਤਿਨਿਧ ਲੇਖਿਕਾ ਅਮਰਜੀਤ ਕੌਰ ਪੰਨੂ ਨੂੰ ਬੈਠਕ ਦੀ ਪ੍ਰਧਾਨਗੀ ਕਰਨ ਲਈ ਆਮੰਤ੍ਰਿਤ ਕੀਤਾ। ਪੰਨੂ ਜੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਉਹਨਾਂ ਦਾ ਅੰਗ਼ਰੇਜ਼ੀ ਨਾਵਲ, 'Splinted Water' ਛਪ ਚੁਕਿਆ ਹੈ ਜਿਸ ਦੀ ਥੀਮ ਗ਼ਦਰੀ ਬਾਬਿਆਂ ਦੀ ਗਾਥਾ ਤੋਂ ਲੈ ਕੇ 1947 ਦੇ ਘਾਤਿਕ ਬਟਵਾਰੇ ਤੱਕ ਜਾ ਅੱਪੜਦੀ ਹੈ। ਆਪ ਨੇ ਇਕ ਹੋਰ ਨਾਵਲ, 'I TELL THIS TALE TO THE RIVER' ਵੀ ਲਿਖਣਾ ਆਰੰਭ ਕੀਤਾ ਹੈ। ਇੰਗਲਿਸ਼ ਵਿਚ, 'My Dream' ਇਕ ਖ਼ਿਆਲ ਵਿਚ ਉਹਨਾਂ ਨੇ ਪੂਰੇ ਗਲੋਬ ਨੂੰ ਕੁਝ ਪਲਾਂ ਲਈ ਜਾਮ (ਫ਼ਰੋਜ਼) ਕਰ ਦੇਣ ਉਪਰੰਤ ਜਦ ਮੁੜ ਸੁਰਜੀਤ ਕੀਤਾ ਤਾਂ ਸਾਰੀ ਸ੍ਰਿਸ਼ਟੀ ਵਿਚ ਕੇਵਲ "Religion of Humanity" ਇੱਕੋ ਹੀ ਧਰਮ ਵਿਚਰ ਰਿਹਾ ਸੀ। ਉਹਨਾਂ ਨੂੰ ਭਰਪੂਰ ਦਾਦ ਦਿੱਤੀ ਗਈ। ਇਸ ਉਪਰੰਤ ਤਾਰਾ ਸਾਗਰ ਨੇ ਦੋ ਕਵਿਤਾਵਾਂ, 'ਜੰਗਲ ਦੇ ਵਿਚ ਝੱਖੜਾਂ ਸ਼ੋਰ ਮਚਾਇਆ ਹੈ ਅਤੇ ਦੇਸ਼ ਮੇਰੇ ਦੀ ਪੂੰਜੀ ਹਾਕਮ ਖਾਂਦੇ ਨੇ 'ਦਾ ਪਾਠ ਕੀਤਾ।ਮਹਿੰਦਰ ਸਿੰਘ ਸੰਘੇੜਾ ਨੇ, 'ਉਮਰ ਨੀ ਲੁਕਦੀ ਲਾ ਕੇ ਕਾਲਾ ਰੰਗ ਲੋਕੋ ਅਤੇ ਗਲੀ ਗਲੀ ਵਿਚ ਵਿਕਦਾ ਹੈ ਭਗਵਾਨ 'ਕਵਿਤਾਵਾਂ ਨਾਲ ਸਾਂਝ ਪਾਈ। ਸੁਖਪਾਲ ਸੰਘੇੜਾ ਨੇ ਇਕ ਚਿੰਤਨ ਭਰਪੂਰ ਕਵਿਤਾ, 'ਨਾ ਹੋਣੇ ਦਾ ਦਰਦ' ਨਾਲ ਵਾਤਾਵਰਨ ਵਿਚ ਸੰਜੀਦਗੀ ਅਤੇ ਤਰਕ ਭਾਵਨਾ ਦਾ ਮਾਹੌਲ ਸਿਰਜਿਆ। ਸਾਹਿਤਕ ਸੰਵੇਦਨਾਂ ਦੇ ਇਸ ਪੜਾ ਤੇ ਰੇਸ਼ਮ ਸਿੱਧੂ ਨੇ ਇਕ ਵਾਰਤਕ ਦੁਆਰਾ ਆਪਣੀਆਂ ਸਿਮਰਤੀਆਂ ਚੋਂ ਇਕ ਦਿਲਚਸਪ ਵਰਤਾਰੇ ਨੂੰ ਸਾਂਝਾ ਕੀਤਾ। ਮਗਰੋਂ ਲਾਜ ਨੀਲਮ ਸੈਣੀ ਨੇ ਕਵਿਤਾ 'ਚਾਨਣ ਦਾ ਵਣਜਾਰਾ' ਨਾਲ ਕਾਵਿਕ ਰੰਗ ਬਹਾਲ ਕੀਤਾ।ਬੈਠਕ ਦੇ ਅੰਤ ਵਿਚ ਸੁਰਿੰਦਰ ਸੀਰਤ ਨੇ ਤਰੱਨਮ ਵਿਚ ਇਕ ਗ਼ਜ਼ਲ ਕਹੀ ਜਿਸ ਦਾ ਮਤਲਾ, 'ਕੁਵੇਲਾ ਹੈ ਸਫ਼ਰ ਹੈ, ਸਿਰਫਿਰਾ ਕੁਝ ਅੱਜਦਾ ਮੌਸਮ ਹੈ/ ਨਾ ਕੋਈ ਦਿਸਹਦਾ ਸ੍ਹਾਵੇਂ, ਨ ਕਿਧਰੇ ਲੋਅ ਦਾ ਪਰਚਮ ਹੈ 'ਪੇਸ਼ ਕੀਤੀ। ਪਿਟਸਬਰਗ ਕੈਲੀਫੋਰਨੀਆ ਤੋਂ ਪਧਾਰੇ ਬੁੱਧੀਜੀਵੀ ਸ. ਕਸ਼ਮੀਰ ਸਿੰਘ ਨੇ ਵਿਪਸਾ ਦੁਆਰਾ ਰਚੇ ਜਾਰਹੇ ਸਾਹਿਤਕ ਮਿਆਰ ਦੀ ਸ਼ਲਾਘਾ ਕੀਤੀ ਅਤੇ ਭਰਪੂਰ ਸਹਿਯੋਗ ਦੇਣ ਦੀ ਵਚਨਬੱਧਤਾ ਦਰਸਾਈ।




**ਰਿਪੋਰਟ: ਪ੍ਰੋ. ਸੁਰਿੰਦਰ ਸੀਰਤ**

# ਗੋਲਡਨ ਬਜ਼ਰ ਰਾਹੀ ਮੁੰਬਈ ਦਾ ਡਾਂਸ ਗਰੁੱਪ ਅਮਰੀਕਾ ਦੇ ਮਸ਼ਹੂਰ ਟੈਲੇਂਟ ਸ਼ੋਅ ਦੇ ਫਾਈਨਲ ਵਿੱਚ ਪੁੱਜਾ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਮੁੰਬਈ ਦਾ ਡਾਂਸ ਗਰੁੱਪ ਵੀ ਅਨ-ਬੀਟੇਬਲ' ਸਖਤ ਮੁਕਾਬਲੇ ਤੋਂ ਬਾਅਦ ਅਮਰੀਕਾ ਦੇ ਟੈਲੇਂਟ ਸ਼ੋਅ (ਏ. ਜੀ. ਟੀ) ਦੇ ਫਾਈਨਲ ਵਿਚ ਪੁੱਜ ਗਿਆ ਹੈ। ਪਿਛਲੇ ਸਾਲ 16 ਹਫਤਿਆਂ ਦੌਰਾਨ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਨ ਵਾਲਾ 30 ਮੈਂਬਰੀ ਗਰੁੱਪ ਹਾਲਾਂ ਕਿ ਦਰਸ਼ਕਾਂ ਕੋਲੋਂ ਲੋੜੀਂਦੀਆਂ ਵੋਟਾਂ ਨਹੀਂ ਹਾਸਲ ਕਰ ਸਕਿਆ ਸੀ ਪਰ ਪਿਛਲੇ ਦਿਨ ਹੋਏ ਸੈਮੀਫਾਈਨਲ ਵਿਚ ਜੱਜ ਹੋਵੀ ਮੰਡਲ ਨੂੰ ਗਰੁੱਪ ਨੇ ਏਨਾ ਪ੍ਰਭਾਵਿਤ ਕੀਤਾ ਕਿ ਉਹ ਗੋਲਡਨ ਬਜ਼ਰ ਦਾ ਬਟਨ ਦਬਾਉਣ ਲਈ ਮਜਬੂਰ ਹੋ ਗਏ ਜਿਸ ਦਾ ਸਿੱਧਾ ਮਤਲਬ ਸੀ ਕਿ ਗਰੁੱਪ ਟੇਲੈਂਟ ਸ਼ੋਅ ਦੇ ਫਾਈਨਲ ਵਿਚ ਪੁੱਜ ਗਿਆ ਹੈ। ਗਰੁੱਪ ਮੈਂਬਰਾਂ ਨੇ ਧੂਮ ਮਚਾਲੇ ਧੂਮ ਗਾਣੇ ਤੇ ਅਜਿਹੀ ਧਮਾਲ ਪਾਈ ਕਿ ਉਨਾਂ ਦੇ ਵਿਰੋਧੀ ਫਿੱਕੇ ਪੈ ਗਏ। ਮੇਜ਼ਬਾਨ ਟੈਰੀ ਕਰੀਊਜ ਨੇ ਗਰੁੱਪ ਦੀ ਪ੍ਰਾਪਤੀ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਉਨਾਂ ਦੀ ਪਿਛਲੀ ਕਾਰਗੁਜ਼ਾਰੀ ਏਨੀ ਜਬਰਦਸਤ ਸੀ ਕਿ ਉਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਸੀ। ਬਾਕੀ ਜੱਜਾਂ ਸਿਮਨ ਕੋਵੈਲ, ਅਲੇਸ਼ਾ ਡਿਕਸਨ ਤੇ ਜੱਜ ਹੈਦੀ ਕਲੂਮ ਨੇ ਵੀ ਗਰੁੱਪ ਮੈਂਬਰਾਂ ਦੇ ਪ੍ਰਦਰਸ਼ਨ ਦੀ ਜੋਰਦਾਰ ਸ਼ਬਦਾਂ ਵਿਚ ਪ੍ਰਸੰਸਾ ਕੀਤੀ। ਗਰੁੱਪ ਮੈਂਬਰਾਂ ਨੇ ਮੰਚ ਉਪਰ ਆਪਣੀ ਖੁਸ਼ੀ ਦਾ ਇਜਹਾਰ ਕਰਦਿਆਂ ਕਿਹਾ ਕਿ 'ਏ ਜੀ ਟੀ ਨੇ ਉਨਾਂ ਦਾ ਜੀਵਨ ਬਦਲ ਦਿੱਤਾ ਹੈ।

# ਕਸ਼ਮੀਰ- ਸੀ.ਏ.ਏ. ਦੇ ਕਾਰਨ ਡੈਮੋਕ੍ਰੇਸੀ ਇੰਡੈਕਸ ਵਿਚ ਭਾਰਤ 167 ਦੇਸ਼ਾਂ ਵਿਚੋਂ 51ਵੇਂ ਨੰਬਰ 'ਤੇ

**ਵਾਸ਼ਿੰਗਟਨ-** ਡੈਮੋਕ੍ਰੇਸੀ ਇੰਡੈਕਸ ਵਿਚ ਭਾਰਤ 10 ਨੰਬਰ ਡਿੱਗ ਕੇ 51ਵੇਂ ਨੰਬਰ ਤੇ ਪਹੁੰਚ ਗਿਆ ਹੈ। 2019 ਦੇ ਲਈ ਜਾਰੀ ਇਸ ਇੰਡੈਕਸ ਵਿਚ ਭਾਰਤ ਦੀ ਰੈਂਕ ਲਗਾਤਰ ਤੀਜੇ ਸਾਲ ਡਿੱਗੀ ਹੈ। ਪਰ 2006 ਵਿਚ ਰੈਕਿੰਗ ਆਰੰਭ ਹੋਣ ਦੇ 13 ਸਾਲ ਵਿਚ ਸਭ ਤੋਂ ਖਰਾਬ ਸਥਿਤੀ ਹੈ। ਭਾਰਤ ਪਹਿਲੀ ਵਾਰ ਟੌਪ 50 ਦੇਸ਼ਾਂ ਤੋਂ ਵੀ ਬਾਹਰ ਆ ਗਿਆ ਹੈ। ਇਹ ਖੁਲਾਸਾ ਦਾ ਇਕੋਨਾਮਿਸਟ ਇੰਟੈਲੀਜੈਂਸ ਯੂਨਿਟ ਦੁਆਰਾ ਜਾਰੀ 165 ਦੇਸ਼ਾਂ ਦੇ ਡ੍ਰੈਮੋਕ੍ਰੇਸੀ ਇੰਡੈਕਸ ਵਿਚ ਹੋਇਆ ਹੈ। ਰਿਪੋਰਟ ਵਿਚ ਭਾਰਤ ਦੀ ਤਰੁੱਟੀਪੂਰਨ ਲੋਕਤੰਤਰ ਦੇ ਰੂਪ ਵਿਚ ਸਥਿਤੀ ਬਰਕਰਾਰ ਰੱਖੀ ਗਈ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2019 ਵਿਚ ਭਾਰਤ ਦਾ ਕੁੱਲ ਸਕੋਰ 2018 ਦੇ 10 ਵਿਚੋਂ 7.23 ਤੋਂ ਡਿੱਗ ਕੇ 6.90 ਹੋ ਗਿਆ। ਇਸਦਾ ਮੁੱਖ ਕਾਰਨ ਨਾਗਰਿਕਾਂ ਦੀ ਆਜ਼ਾਦੀ ਵਿਚ ਗਿਰਾਵਟ ਸੀ। 2017 ਵਿਚ ਭਾਰਤ 42ਵੇਂ ਅਤੇ 2018 ਵਿਚ 41 ਵੇਂ ਨੰਬਰ ਤੇ ਸੀ। ਰਿਪੋਰਟ ਮੁਤਾਬਕ 2019 ਦੁਨੀਆਂ ਭਰ ਦੇ ਲੋਕਤੰਤਰ ਦੇ ਲਈ 2006 ਤੋਂ ਬਾਅਦ ਸਭ ਤੋਂ ਖਰਾਬ ਰਿਹਾ। ਇਸ ਦੌਰਾਨ ਔਸਤ ਵਿਸ਼ਵ ਸਕੋਰ 5.48 ਤੋਂ ਡਿੱਗ ਕੇ 5.44 ਹੋ ਗਿਆ।



# ਪ੍ਰਸਿੱਧ ਗਾਇਕ ਬੂਟਾ ਸ਼ੌਂਕੀ ਦਾ ਦੇਹਾਂਤ

ਆਦਿ ਧਰਮ ਦੇ ਮਿਸ਼ਨਰੀ ਕਲਾਕਾਰ ਦੀ ਆਵਾਜ਼ ਰਾਹੀਂ ਰਿਕਾਰਡ ਹੋਏ ਧਾਰਮਿਕ ਟ੍ਰੈਕ: ਸੋਹੂੰ ਸਾਗਰ, ਸੋਹੂੰ ਨਮਹੰ, ਰਵਿਦਾਸ ਮੇਰੇ ਦਾਤਿਆ, ਅਘਨਾਸ ਜਾਪ ਅਤੇ ਸੰਝ ਜਾਪ ਆਦਿ ਸੰਗਤਾਂ ਨੂੰ ਦੇਣਵਾਲੇ ਬੂਟਾ ਸੋਕੀ ਬੀਤੇ ਦਿਨੀ. ਇਸ ਫਾਨੀ ਸੰਸਾਰ ਤੋਂ ਅਲਵਿਦਾ ਲੈ ਗਏ ਹਨ।






## ਕੋਬੀ ਬ੍ਰਾਇਅੰਟ ਬਾਸਕਟਬਾਲ ਦਾ ਸਿਤਾਰਾ ਅਤੇ ਉਸ ਦੀ 13 ਸਾਲਾ ਦੀ ਬੇਟੀ ਗੀਆਨਾ ਸਮੇਤ

# ਕੈਲੀਫੋਰਨੀਆ ਸੂਬੇ ਦੇ ਕੈਲਾਬੈਸਲ ਹੋਏ ਹੈਲੀਕਾਪਟਰ ਹਾਦਸੇ ਵਿੱਚ 9 ਲੋਕਾਂ ਦੀ ਮੋਤ













**ਵਾਸਿੰਗਟਨ ਡੀ.ਸੀ (ਰਾਜ ਗੋਗਨਾ)-** ਬੀਤੇਂ ਦਿਨ ਐਤਵਾਰ ਨੂੰ ਲਾਸ ਏਂਜਲਸ ਕਾਉਟੀ ਸ਼ੈਰਿਫ ਵਿਭਾਗ ਦੇ ਅਨੁਸਾਰ ਅਧਿਕਾਰੀ ਅਜੇ ਵੀ ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ, ਜਿਸ ਕਾਰਨ ਸਾਰੇ ਯਾਤਰੀਆਂ ਦੀ ਮੌਤ ਹੋ ਗਈ।ਯਾਦ ਰਹੇਂ ਕਿ ਲੰਘੇਂ ਐਤਵਾਰ ਨੂੰ ਸਵੇਰ ਦੇ 10:30 ਦੇ ਕਰੀਬ ਲਾਸ ਏਂਜਲਸ ਦੇ ਬਾਹਰ ਐੱਨਬੀਏ ਦੇ ਮਸਹੂਰ ਖੇਡ ਸਟਾਰ ਸਮੇਤ ਸਾਰੇ 9 ਯਾਤਰੀ ਹੈਲੀਕਾਪਟਰ 'ਚ ਸਵਾਰ ਸਨ ਜੋ ਹਾਦਸਾਗ੍ਰਸਤ ਹੋ ਗਿਆ ਸੀ ।ਜਿਸ ਵਿੱਚ ਕੋਬੇ ਬ੍ਰਾਇਅੰਟ ਅਤੇ ਉਸ ਦੀ 13 ਸਾਲਾ ਦੀ ਬੇਟੀ ਗੀਆਨਾ ਵੀ ਹੈਲੀਕਾਪਟਰ ਵਿੱਚ ਸਵਾਰ ਸੀ, ਸਥਿੱਤੀ ਬਾਰੇ ਜਾਣਕਾਰੀ ਵਾਲੇ ਇੱਕ ਵਿਅਕਤੀ ਨੇ ਯੂਐਸਏ ਟੂਡੇ ਸਪੋਰਟਸ ਦੇ ਮਾਰਕ ਮਦੀਨਾ ਨੂੰ ਦੱਸਿਆ ਇੱਕ ਵਿਅਕਤੀ ਜਿਸ ਨੇ ਆਪਣਾ ਗੁਪਤ ਨਾਮ ਦਿੱਤਾ ਗਿਆ ਕਿਉਂਕਿ ਉਸਨੂੰ ਇਸ ਮਾਮਲੇ ਬਾਰੇ ਬੋਲਣ ਦਾ ਅਧਿਕਾਰ ਨਹੀਂ ਸੀ, ਨੇ ਕਿਹਾ ਕਿ ਗਿਆਨਾ ਅਤੇ ਉਸ ਦੇ ਪਿਤਾ ਐਤਵਾਰ ਸਵੇਰੇ ਇੱਕ ਏਏਯੂ ਬਾਸਕਟਬਾਲ ਖੇਡ ਵਿੱਚ ਜਾ ਰਹੇ ਸਨ ਜਦੋਂ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ।

ਗਿਆਨਾ, ਜਿਸਨੂੰ ਅਕਸਰ "ਗੀਜੀ" ਕਿਹਾ ਜਾਂਦਾ ਸੀ, ਬ੍ਰਾਇਨਟ ਦੀਆਂ ਚਾਰ ਬੇਟੀਆਂ ਵਿਚੋਂ ਦੂਜੀ ਸਭ ਤੋਂ ਵੱਡੀ ਸੀ, ਬ੍ਰਾਇਅੰਟ ਨੇ ਪਿਛਲੇ ਦੋ ਸਾਲਾਂ ਤੋਂ ਗਿਆਨਾ ਦੀ ਏਏਯੂ ਟੀਮ ਨੂੰ ਹਜ਼ਾਰਾਂ ਓਕਸ ਵਿੱਚ ਆਪਣੀ ਸਪੋਰਟਸ ਅਕੈਡਮੀ ਸਿਖਲਾਈ ਸਹੂਲਤ ਵਿੱਚੋਂ ਕੋਚਿੰਗ ਦਿੱਤੀ ਸੀ। ਜੋ ਇਕ ਸਰ-ਵੋਤਮ ਖਿਡਾਰੀ ਵਜੋ ਉਭਰ ਰਹੀ ਸੀ। ਉਸ ਦੀ ਖੇਡ ਨੂੰ ਵੇਖਣ ਲਈ ਹਰ ਕੋਈ ਉਤਸੁਕ ਰਹਿੰਦਾ ਸੀ। ਪਰ ਹਾਦਸੇ ਨੇ ਉਸ ਨੂੰ ਸਦਾ ਲਈ ਸਵਾ ਦਿੱਤਾ।

ਜਿਸ ਕਰਕੇ ਪੂਰੇ ਜਗਤ ਦੇ ਖੇਡ ਪ੍ਰੇਮੀਆਂ ਵਿੱਚ ਮਾਤਮ ਛਾ ਗਿਆ ਹੈ। ਕੋਬੇ ਦੀ ਬਾਸਕਟਬਾਲ ਟੀਮ ਚਾਰ ਵਾਰ ਰਾਸ਼ਟਰੀ ਚੈਪੀਅਨ ਤੇ ਇਕ ਵਾਰ ਓਲੋਪਿਕ ਚੈਪੀਅਨ ਰਹੀ ਸੀ । ਜਿਸ ਦੀ ਦੋ ਬਿਲੀਅਨ ਦੀ ਜਾਇਦਾਦ ਸੀ ਜੋ ਉਸ ਨੇ 41 ਸਾਲ ਦੀ ਉਮਰ ਵਿੱਚ ਅਪਨੀ ਕਾਬਲੀਅਤ ਤੇ ਖੇਡ ਮਿਹਨਤ ਨਾਲ ਹਾਸਲ ਕਰ ਲਈ ਸੀ ।

ਉਹ ਅਮਰੀਕਾ ਦਾ ਖੇਡ ਸਿਤਾਰਾ ਸੀ । ਜਿਸ ਦਾ ਸਿੱਕਾ ਬਾਸਕਟ ਬਾਲ ਖੇਡ ਵਿੱਚ ਅੱਜ ਵੀ ਕਾਇਮ ਸੀ। ਉਸ ਦੀ ਮੋਤ ਤੇ ਸਾਬਕਾ ਤੇ ਮੋਕੇ ਦੇ ਰਾਸ਼ਟਰਪਤੀ ਨੇ ਵੀ ਦੁੱਖ ਦਾ ਇਜਹਾਰ ਕੀਤਾ। ਪੂਰੇ ਮੁਲਕ ਦਾ ਖੇਡ ਜਗਤ ਉਸ ਦੇ ਅਫ਼ਸੋਸ ਵਿੱਚ ਡੁੱਬਿਆ ਹੋਇਆ ਹੈ।ਕੋਬੇ ਨੂੰ ਉਸ ਦੀ ਖੇਡ ਜਗਤ ਕਰਕੇ ਹਮੇਸ਼ਾ ਯਾਦ ਰੱਖਿਆਂ ਜਾਵੇਗਾ।

# ਯਾਦਗਾਰੀ ਹੋ ਨਿੱਬੜਿਆ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਅਲਾਵਲਪੁਰ ਦਾ ਪਹਿਲਾ ਕਬੱਡੀ ਕੱਪ

**ਅਲਾਵਲਪੁਰ (ਮਦਨ ਬੰਗੜ)** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਅਲਾਵਲਪੁਰ ,ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਨੌਜਵਾਨ ਆਗੂ ਸੰਨੀ ਢਿੱਲੋਂ ਪ੍ਰਧਾਨ ਯੂਥ ਅਕਾਲੀ ਦਲ ਹਲਕਾ ਆਦਮਪੁਰ ਅਤੇ ਤੇਜਿੰਦਰ ਸਿੰਘ ਨਿੱਜਰ ਪ੍ਰਧਾਨ ਯੂਥ ਅਕਾਲੀ ਦਲ ਦਿਹਾਤੀ ਜਲੰਧਰ ਦੀ ਦੇਖ ਰੇਖ ਹੇਠ ਕਸਬਾ ਅਲਾਵਲਪੁਰ ਵਿਖੇ ਕਰਵਾਇਆ ਗਿਆ ਪਹਿਲਾ ਕਬੱਡੀ ਕੱਪ ਠੰਢੀਆਂ ਮਿੱਠੀਆਂ ਯਾਦਾਂ ਛੱਡਦਾ ਹੋਇਆ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਿਆ ਇਸ ਪਹਿਲੇ ਕਬੱਡੀ ਕੱਪ ਦੇ ਮੁੱਖ ਮਹਿਮਾਨ ਬਿਕਰਮਜੀਤ ਸਿੰਘ ਮਜੀਠੀਆ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਉਨ੍ਹਾਂ ਦੇ ਨਾਲ ਹਲਕਾ ਵਿਧਾਇਕ ਪਵਨ ਕੁਮਾਰ ਟੀਨੂੰ ,ਬਲਦੇਵ ਸਿੰਘ ਖਹਿਰਾ ਵਿਧਾਇਕ ਫਿਲੌਰ ਉਚੇਚੇ ਤੌਰ ਤੇ ਹਾਜ਼ਰ ਸਨ ਕਲੱਬ ਦੇ ਪ੍ਰਧਾਨ ਸੰਨੀ ਢਿੱਲੋਂ ਨੇ ਦੱਸਿਆ ਕਿ ਸਮੂਹ ਕਮੇਟੀ ਮੈਂਬਰਾਂ ਤੇ ਐਨ ਨਾਰਾਜ਼ ਬੀਰਾਂ ਨੇ ਸਹਿਜ ਨਾਲ ਪਹਿਲਾ ਕਬੱਡੀ ਕੱਪ ਟੂਰਨਾਮੈਂਟ ਕਰਵਾਇਆ ਗਿਆ ਹੈ ਜਿਸ ਦੇ ਪਹਿਲੇ ਮੁਕਾਬਲੇ ਵਿੱਚ ਅੰਡਰ ਟਵੰਟੀ ਦੇ ਮੁਕਾਬਲੇ ਚ ਸੁਰਖਪੁਰ ਜੇਤੂ ਰਿਹਾ ਅਤੇ ਸਵਰਗੀ ਬਿੱਟੂ ਦੁਗਾਲ ਉੱਪ ਜੇਤੂ ਰਿਹਾ 60 ਸਾਲ ਤੋਂ ਉੱਪਰ ਦਾ ਇੱਕ ਸ਼ੋਅ ਮੈਚ ਕਰਵਾਇਆ ਗਿਆ ਜਿਸ ਚ ਬਗਲਾ ਬਠਿੰਡੇ ਵਾਲੇ ਖਿਡਾਰੀ ਨੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ ਫਾਈਨਲ ਵਿੱਚ ਹੋਏ ਫਸਵੇਂ ਮੁਕਾਬਲੇ ਚ ਰਾਇਲ ਕਿੰਗ ਯੂਐੱਸਏ ਅਕੈਡਮੀ ਨੇ ਦੋਆਬਾ ਵਾਰੀਅਸ ਅਕਾਦਮੀ ਦੀ ਟੀਮ ਨੂੰ ਹਰਾ ਕੇ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਨਕਦ ਰਾਸ਼ੀ ਤੇ ਟਰਾਫ਼ੀ ਤੇ ਕਬਜ਼ਾ ਕੀਤਾ ਦੂਜੇ ਨੰਬਰ ਤੇ ਆਈ ਦੋਆਬਾ ਵਾਰੀਅਸ ਅਕੈਡਮੀ ਦੀ ਟੀਮ ਨੂੰ ਇੱਕ ਲੱਖ ਰੁਪਿਆ ਨਗਦ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ ਬੈਸਟ ਜਾਫੀ ਕੱਦੂ ਰਸੂਲਪੁਰੀਆ ਅਤੇ ਬੈਸਟ ਰੇਡਰ ਆਬਾਦ ਝੋਟ ਛਪਾਰ ਮੇਲੇ ਵਾਲੇ ਨੂੰ ਮੋਟਰਸਾਈਕਲ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਦੇ ਮੁੱਖ ਮਹਿਮਾਨ ਬਿਕਰਮਜੀਤ ਸਿੰਘ ਮਜੀਠੀਆ ਨੇ ਕਲੱਬ ਪ੍ਰਧਾਨ ਸੰਨੀ ਢਿੱਲੋਂ ਵੱਲੋਂ ਕਰਵਾਏ ਗਏ ਇਸ ਟੂਰਨਾਮੈਂਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਵਰਗੇ ਟੂਰਨਾਮੈਂਟ ਕਰਾਉਣਾ ਬੜੇ ਫਖ਼ਰ ਵਾਲੀ ਗੱਲ ਹੈ। ਇਸ ਦੌਰਾਨ ਪ੍ਰਧਾਨ ਸੰਨੀ ਢਿੱਲੋਂ, ਤੇਜਿੰਦਰ ਸਿੰਘ ਨਿੱਜਰ, ਵਿਧਾਇਕ ਪਵਨ ਕੁਮਾਰ ਟੀਨੂੰ ਵੱਲੋਂ ਬਿਕਰਮਜੀਤ ਸਿੰਘ ਮਜੀਠੀਆ ਦਾ ਸਨਮਾਨ ਕੀਤਾ ਗਿਆ ਸਮਾਪਤੀ ਉਪਰੰਤ ਗਾਇਕ ਕਲਾਕਾਰ ਕਰਨ ਔਜਲਾ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਇਸ ਮੌਕੇ ਨਾਰਥ ਇੰਡੀਆ ਟੀਮ ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ, ਸਰਬਜੋਤ ਸਾਬੀ ਅਕਾਲੀ ਆਗੂ ,ਅਸ਼ਵਨ ਭੱਲਾ, ਅਮਨਦੀਪ ਬਿੱਟੀ ਯੂ ਐੱਸ ਏ ,ਸੁੱਖਾ ਕੈਨੇਡਾ, ਬਨਿੰਗ ਪਰਿਵਾਰ, ਜੱਸੀ ਆਸਟ੍ਰੇਲੀਆ, ਸੰਦੀਪ ਯੂ ਕੇ , ਸੁਖਬੀਰ ਸਿੰਘ ਢਿੱਲੋਂ, ਸਰਕਲ ਪ੍ਰਧਾਨ ਹਰਨਾਮ ਸਿੰਘ ਅਲਾਵਲਪੁਰ, ਗੁਰਦਿਆਲ ਸਿੰਘ ਨਿੱਜਰ, ਮੇਜਰ ਸਿੰਘ ਹਰੀਪੁਰ, ਸੁਰਿੰਦਰ ਛਿੰਦੀ ,ਸੁਖਬੀਰ ਕੁਮਾਰ, ਬੰਨੀ ਢਿੱਲੋਂ, ਹਰਵਿੰਦਰ ਸਿੰਘ, ਗਿੰਦਾ, ਸੁਰਿੰਦਰ ਸਿੰਘ ਚਾਹਲ ,ਚਰਨਜੀਤ ਸ਼ੇਰੀ, ਜਸਬੀਰ ਕੌਰ ਪ੍ਰਧਾਨ ਨਗਰ ਕੌਂਸਲ ਅਲਾਵਲਪੁਰ ਕੁਲਦੀਪ ਕੌਰ ਕਾਸਲਰ ਹਰਜੋਤ ਸਿੰਘ ਦਲਬੀਰ ਸਿੰਘ ਆਰ ਤੋਂ ਇਲਾਵਾ ਹੋਰ ਕਲੱਬ ਮੈਂਬਰ ਵੀ ਮੌਜੂਦ ਸਨ।



Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





ਦੇਸ਼ ਦੁਆਬਾ

# ਰਾਸ਼ਟਰਪਤੀ ਦਾ ਭਾਸ਼ਣ

ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਦੇ ਨਾਂ ਸੰਦੇਸ਼ ਵਿਚ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਇਹ ਜੋ ਜ਼ਿਕਰ ਕੀਤਾ ਕਿ ਸਾਡੇ ਸੰਵਿਧਾਨ ਨੇ ਇਕ ਜ਼ਿੰਮੇਵਾਰ ਜਮਹੂਰੀਅਤ ਦੇ ਨਾਗਰਿਕ ਦੇ ਰੂਪ ਵਿਚ ਸਾਨੂੰ ਸਾਰਿਆਂ ਨੂੰ ਕੁਝ ਅਧਿਕਾਰਾਂ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਸੌਂਪੀ ਹੈ, ਉਸ 'ਤੇ ਖ਼ਾਸ ਧਿਆਨ ਦਿੱਤਾ ਜਾਣਾ ਵਕਤ ਦੀ ਨਜ਼ਾਕਤ ਹੈ। ਜ਼ਿੰਮੇਵਾਰੀ ਦੀ ਇਹ ਭਾਵਨਾ ਸਿਰਫ਼ ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਮੁੱਢਲੇ ਲੋਕਤੰਤਰੀ ਆਦਰਸ਼ਾਂ ਪ੍ਰਤੀ ਵਚਨਬੱਧ ਰਹਿਣ ਨੂੰ ਹੀ ਨਹੀਂ ਕਹਿੰਦੀ ਬਲਕਿ ਇਹ ਵੀ ਉਮੀਦ ਰੱਖਦੀ ਹੈ ਕਿ ਗਣ ਦੇ ਤੰਤਰ ਦੇ ਰੂਪ ਵਿਚ ਅਸੀਂ ਸਮਝਦਾਰ ਨਾਗਰਿਕਾਂ ਵਰਗਾ ਵਿਵਹਾਰ ਕਰੀਏ। ਇਸ ਦੀ ਜ਼ਰੂਰਤ ਇਸ ਲਈ ਵੱਧ ਗਈ ਹੈ ਕਿਉਂਕਿ ਦੇਸ਼ ਹੀ ਨਹੀਂ, ਦੁਨੀਆ ਦੀਆਂ ਭਾਰਤ ਤੋਂ ਉਮੀਦਾਂ ਵੱਧ ਰਹੀਆਂ ਹਨ। ਜਦ ਦੁਨੀਆ ਭਾਰਤ ਨੂੰ ਇਕ ਅਜਿਹੇ ਉੱਭਰਦੇ ਮੁਲਕ ਦੇ ਰੂਪ ਵਿਚ ਦੇਖ ਰਹੀ ਹੋਵੇ ਜੋ ਵਿਸ਼ਵ ਵਿਚ ਆਪਣੀ ਛਾਪ ਛੱਡਣ ਦੇ ਸਮਰੱਥ ਹੈ ਉਦੋਂ ਫਿਰ ਇਸ ਦਾ ਕੋਈ ਮਤਲਬ ਨਹੀਂ ਕਿ ਸੰਵਿਧਾਨਕ ਅਤੇ ਲੋਕਤੰਤਰੀ ਅਧਿਕਾਰਾਂ ਦਾ ਮਨ ਮਾਫਕ ਇਸਤੇਮਾਲ ਹੁੰਦਾ ਦਿਖਾਈ ਦੇਵੇ। ਬਦਕਿਸਮਤੀ ਨਾਲ ਅੱਜ ਅਜਿਹਾ ਹੀ ਹੋ ਰਿਹਾ ਹੈ।

ਇਸ ਕਾਰਨ ਨਾ ਸਿਰਫ਼ ਭਾਰਤ ਦਾ ਕੌਮਾਂਤਰੀ ਅਕਸ ਪ੍ਰਭਾਵਿਤ ਹੁੰਦਾ ਹੈ ਸਗੋਂ ਕੁਝ ਮੰਦਭਾਵਨਾ ਦੇ ਸ਼ਿਕਾਰ ਵਿਅਕਤੀਆਂ ਨੂੰ ਗ਼ੈਰ-ਜ਼ਰੂਰੀ ਉਪਦੇਸ਼ ਦੇਣ ਦਾ ਮੌਕਾ ਵੀ ਮਿਲ ਜਾਂਦਾ ਹੈ। ਗਣਤੰਤਰ ਦੇ ਰੂਪ ਵਿਚ ਸੱਤ ਦਹਾਕੇ ਦੇ ਲੰਬੇ ਸਫ਼ਰ ਨੂੰ ਤੈਅ ਕਰਨ ਵਾਲੇ ਭਾਰਤ ਨੂੰ ਦੇਸ਼-ਦੁਨੀਆ ਦੇ ਮਾਮਲੇ ਵਿਚ ਠਰੰਮੇ ਵਾਲੇ ਮੁਲਕ ਵਜੋਂ ਵਿਵਹਾਰ ਕਰਦੇ ਹੋਏ ਦਿਸਣਾ ਹੀ ਚਾਹੀਦਾ ਹੈ। ਬੇਸ਼ੱਕ ਭਾਰਤ ਦਾ ਅਜਿਹਾ ਅਕਸ ਉਦੋਂ ਹੀ ਬਣੇਗਾ ਜਦ ਅਸੀਂ ਭਾਰਤ ਦੇ ਲੋਕ ਸੰਜੀਦਾ ਵਿਵਹਾਰ ਦਾ ਸਬੂਤ ਦੇਵਾਂਗੇ। ਕਿਉਂਕਿ ਸਾਡਾ ਸੰਵਿਧਾਨ ਆਪਣੀ ਸ਼ਕਤੀ ਸਿੱਧੀ ਜਨਤਾ ਤੋਂ ਪ੍ਰਾਪਤ ਕਰਦਾ ਹੈ, ਇਸ ਲਈ ਜਨਤਾ ਦਾ ਸਾਫ਼-ਸੁਥਰਾ ਆਚਰਨ ਕਿਤੇ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ। ਸਾਡਾ ਸੰਵਿਧਾਨ ਹਰ ਕਿਸੇ ਨੂੰ ਆਪੋ-ਆਪਣੀ ਗੱਲ ਕਹਿਣ ਦੀ ਆਗਿਆ ਦਿੰਦਾ ਹੈ ਪਰ ਇਸ ਦਾ ਕੋਈ ਮਤਲਬ ਨਹੀਂ ਕਿ ਇਸ ਅਧਿਕਾਰ ਦਾ ਇਸਤੇਮਾਲ ਗ਼ੈਰ-ਜ਼ਿੰਮੇਵਾਰਾਨਾ ਤਰੀਕਿਆਂ ਨਾਲ ਕੀਤਾ ਜਾਵੇ। ਕਿਸੇ ਵੀ ਮਾਮਲੇ 'ਤੇ ਸਹਿਮਤੀ ਅਤੇ ਅਸਹਿਮਤੀ ਪ੍ਰਗਟਾਉਣ ਦਾ ਇਕ ਤਰੀਕਾ ਹੁੰਦਾ ਹੈ। ਇਹ ਹਰਗਿਜ਼ ਠੀਕ ਨਹੀਂ ਕਿ ਅਕਸਰ ਅਜਿਹਾ ਅਹਿਸਾਸ ਕਰਵਾਇਆ ਜਾਵੇ ਕਿ ਅਸੀਂ ਭਾਰਤ ਦੇ ਲੋਕਾਂ ਨੇ ਅਜੇ ਇਹ ਤਰੀਕਾ ਸਹੀ ਤਰ੍ਹਾਂ ਸਿੱਖਣਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕਿ ਇਕ ਗਣਤੰਤਰ ਦੇ ਰੂਪ ਵਿਚ ਅਸੀਂ ਉਹ ਸਭ ਕੁਝ ਹਾਸਲ ਨਹੀਂ ਕਰ ਸਕੇ ਹਾਂ ਜੋ ਸਾਡੇ ਨਾਲ ਹੀ ਆਜ਼ਾਦ ਹੋਏ ਅਨੇਕਾਂ ਦੇਸ਼ਾਂ ਨੇ ਹਾਸਲ ਕਰ ਲਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੀਆਂ ਤਮਾਮ ਪ੍ਰਾਪਤੀਆਂ ਦੀ ਅਣਦੇਖੀ ਕਰੀਏ। ਬਦਕਿਸਮਤੀ ਨਾਲ ਕੁਝ ਲੋਕ ਇਹੀ ਕਰ ਰਹੇ ਹਨ। ਉਨ੍ਹਾਂ ਦਾ ਨਾਂਹ-ਪੱਖੀ ਵਤੀਰਾ ਇਕ ਤਰ੍ਹਾਂ ਦੇ ਰੁਦਨ ਵਿਚ ਬਦਲ ਗਿਆ ਹੈ। ਇਸ ਮਾਨਸਿਕਤਾ ਸਹਾਰੇ ਕਦੇ ਕੁਝ ਹਾਸਲ ਨਹੀਂ ਕੀਤਾ ਜਾ ਸਕਦਾ। ਵਿਅਕਤੀ, ਸਮਾਜ ਅਤੇ ਰਾਸ਼ਟਰ ਉਦੋਂ ਹੀ ਸਹੀ ਦਿਸ਼ਾ ਵੱਲ ਰੁਖ਼ ਕਰਦੇ ਹਨ ਜਦ ਉਹ ਹਾਂ-ਪੱਖੀ ਭਾਵ ਨਾਲ ਭਰਪੂਰ ਹੋ ਕੇ ਅੱਗੇ ਵੱਧਦੇ ਹਨ। ਇਹੀ ਭਾਵ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਕੁੰਜੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਕਾਇਆਕਲਪ ਕਰਨ ਵਾਲਾ ਹੋਵੇ ਬਜਟ ਇਸ ਵਾਰ ਦਾ ਬਜਟ



ਪ੍ਰੋ. ਰਾਜਿੰਦਰ ਪ੍ਰਤਾਪ ਗੁਪਤਾ

ਇਕ ਫਰਵਰੀ ਨੂੰ ਭਾਰਤ ਦਾ ਬੇਸਬਰੀ ਨਾਲ ਉਡੀਕਿਆ ਜਾ ਰਿਹਾ ਬਜਟ ਪੇਸ਼ ਹੋਣ ਵਾਲਾ ਹੈ। ਇਸ ਨੂੰ ਲੈ ਕੇ ਤਮਾਮ ਉਮੀਦਾਂ ਅਤੇ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਕੁਝ ਲੋਕ ਤਾਂ ਇਸ ਨੂੰ ਇੰਨਾ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹਨ ਕਿ ਇਹ 1991 ਵਿਚ ਡਾ. ਮਨਮੋਹਨ ਸਿੰਘ ਦੁਆਰਾ ਪੇਸ਼ ਕੀਤੇ ਗਏ ਬਜਟ ਵਰਗਾ ਰਹਿਣ ਵਾਲਾ ਹੈ। ਇਸ ਦੌਰਾਨ ਅਹਿਮ ਸਵਾਲ ਇਹੀ ਹੈ ਕਿ ਕੀ ਇਹ ਉਹ ਚਮਤਕਾਰ ਕਰ ਸਕੇਗਾ ਜੋ ਡਾ. ਸਿੰਘ ਨੇ 1991 ਵਿਚ ਕੀਤਾ ਸੀ? ਕੀ ਇਹ ਭਾਰਤੀ ਵਿਕਾਸ ਗਾਥਾ ਦੀ ਕਾਇਆ ਪਲਟਣ ਵਾਲਾ ਸਿੱਧ ਹੋਵੇਗਾ? ਕੀ ਇਹ ਖ਼ਪਤ ਨੂੰ ਹੱਲਾਸ਼ੇਰੀ ਦੇਵੇਗਾ? ਚੱਲੋ, ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬਾਂ ਦੀ ਪੜਤਾਲ ਕਰਦੇ ਹਾਂ।

ਸਭ ਤੋਂ ਪਹਿਲੀ ਗੱਲ ਤਾਂ ਇਹੀ ਹੈ ਕਿ 1991 ਵਿਚ ਖ਼ਪਤ ਦੇ ਮੋਰਚੇ 'ਤੇ ਭਾਰਤ ਦੀ ਸਥਿਤੀ ਬਹੁਤ ਚੰਗੀ ਸੀ। ਉਦੋਂ ਸਮੱਸਿਆ ਭੁਗਤਾਨ ਸੰਤੁਲਨ ਦੀ ਸੀ। ਉਸ ਸਮੱਸਿਆ ਦਾ ਹੱਲ ਵੀ ਇਕਦਮ ਸਿੱਧਾ-ਸਰਲ ਸੀ। ਇਸ ਤੋਂ ਵੀ ਵੱਧ ਕੇ ਉਹ ਵਿਕਸਤ ਦੇਸ਼ਾਂ ਦੀ ਅਗਵਾਈ ਵਾਲੇ ਵਿਸ਼ਵ ਬੈਂਕ ਵਰਗੀ ਸੰਸਥਾ ਦੁਆਰਾ ਸੁਝਾਇਆ ਗਿਆ ਸੀ। ਫ਼ਿਲਹਾਲ ਹਾਲਾਤ ਇਕਦਮ ਉਲਟ ਹਨ। ਸਾਡੇ ਕੋਲ ਢੁੱਕਵੀਂ ਮਾਤਰਾ ਵਿਚ ਵਿਦੇਸ਼ੀ ਕਰੰਸੀ ਦਾ ਭੰਡਾਰ ਹੈ। ਅਜੇ ਸਮੱਸਿਆ ਖ਼ਪਤ ਦੇ ਮੋਰਚੇ 'ਤੇ ਹੈ। ਇਹ ਬਹੁਤ ਅਣਕਿਆਸੀ ਕਿਸਮ ਦਾ ਸੰਕਟ ਹੈ। ਕੁਝ ਅੰਕੜਿਆਂ 'ਤੇ ਵੀ ਨਜ਼ਰ ਮਾਰ ਲੈਂਦੇ ਹਾਂ। ਸਮੁੱਚੇ ਘਰੇਲੂ ਉਤਪਾਦ ਅਰਥਾਤ ਜੀਡੀਪੀ ਵਿਚ ਬਰਾਮਦ ਦੀ 20 ਫ਼ੀਸਦੀ ਹਿੱਸੇਦਾਰੀ ਹੈ। ਇਨ੍ਹਾਂ ਅੰਕੜਿਆਂ ਦੇ ਹਿਸਾਬ ਨਾਲ ਦੇਖੀਏ ਤਾਂ ਜੇ ਬਰਾਮਦ ਭਾਵੇਂ ਘੱਟ ਕੇ ਅੱਧੀ ਨਹੀਂ ਹੋਈ ਪਰ ਸੁਸਤ ਜ਼ਰੂਰ ਹੋਈ ਹੈ। ਵਿਸ਼ਵ ਪੱਧਰ 'ਤੇ ਮੰਦੀ ਵੀ ਭਾਰਤ ਦੇ ਜੀਡੀਪੀ ਵਾਧੇ ਨੂੰ ਇਕ ਫ਼ੀਸਦੀ ਤਕ ਪ੍ਰਭਾਵਿਤ ਕਰ ਸਕਦੀ ਹੈ। ਫਿਰ ਵੀ ਇਸ ਨਾਟਕੀ ਗਿਰਾਵਟ ਦਾ ਪਤਾ ਕਿੱਦਾਂ ਲਗਾਇਆ ਜਾ ਸਕਦਾ ਹੈ? ਜੇ ਅਸੀਂ ਨਵੀਂ ਗਣਨਾ ਦੇ ਆਧਾਰ 'ਤੇ ਦੇਖੀਏ ਤਾਂ ਸਾਡੀ ਜੀਡੀਪੀ ਵਾਧਾ ਦਰ 8 ਤੋਂ 9 ਫ਼ੀਸਦੀ ਦੀ ਉੱਚੀ ਵਾਧਾ ਦਰ ਦੇ ਦੌਰ ਤੋਂ ਘੱਟ ਕੇ 5 ਪ੍ਰਤੀਸ਼ਤ ਦੇ ਦਾਇਰੇ ਵਿਚ ਆ ਗਈ ਹੈ। ਯਕੀਨਨ ਵਿਸ਼ਵ ਪੱਧਰ 'ਤੇ ਮੰਦੀ ਹੀ ਇਸ ਦੀ ਇਕਲੌਤੀ ਵਜ੍ਹਾ ਨਹੀਂ ਹੈ। ਨੋਟਬੰਦੀ ਨੇ ਵੀ ਜੀਡੀਪੀ 'ਤੇ ਵਾਰ ਕੀਤਾ ਸੀ। ਇਸ ਕਾਰਨ ਖ਼ਪਤ ਜੀਡੀਪੀ 'ਤੇ ਤਕਰੀਬਨ ਦੋ ਫ਼ੀਸਦੀ ਤਕ ਦਾ ਅਸਰ ਪਿਆ। ਇਸ ਹਕੀਕਤ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਜਲਦਬਾਜ਼ੀ ਵਿਚ ਅਤੇ ਬੇਤਰਤੀਬੇ ਤਰੀਕੇ ਨਾਲ ਲਾਗੂ ਕੀਤੇ ਗਏ ਜੀਐੱਸਟੀ ਨੇ ਵੀ ਹੋਰ ਇਕ-ਦੋ ਫ਼ੀਸਦੀ ਦੀ ਗਿਰਾਵਟ ਨੂੰ ਅੰਜਾਮ ਦਿੱਤਾ। ਕੁਦਰਤੀ ਆਫਤਾਂ ਨੇ ਗ੍ਰਾਮੀਣ ਅਰਥਚਾਰੇ ਨੂੰ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਸਭ ਤੋਂ ਉਪਜੀ ਨਾਂਹ-ਪੱਖੀ ਧਾਰਨਾ ਕਾਰਨ ਵੀ ਇਕ-ਦੋ ਫ਼ੀਸਦੀ ਦੀ ਗਿਰਾਵਟ ਆਈ। ਸਮੱਸਿਆ ਕਰੰਸੀ ਜਾਂ ਨਕਦੀ ਦੀ ਨਹੀਂ ਹੈ। ਵਿੱਤੀ ਖੇਤਰ ਨਾਲ ਜੁੜੇ ਲੋਕ ਇਹ ਭਲੀਭਾਂਤ ਜਾਣਦੇ ਹਨ। ਅਸਲ ਵਿਚ ਪੇਚ ਇਸ ਮਸਲੇ 'ਤੇ ਫਸਿਆ ਹੋਇਆ ਹੈ ਕਿ ਬਹੁਤ ਵੱਡੀ ਮਾਤਰਾ ਵਿਚ ਕਰੰਸੀ ਕੁਝ ਚੋਣਵੇਂ ਖੇਤਰਾਂ 'ਤੇ ਹੀ ਦਾਅ ਲਾਉਂਦੀ ਦਿਖਾਈ ਦੇ ਰਹੀ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪ੍ਰਧਾਨ ਮੰਤਰੀ ਬਹੁਤ ਭਲੀ ਮਨਸ਼ਾ ਵਾਲੇ ਵਿਅਕਤੀ ਹਨ ਪਰ ਕੀ ਉਨ੍ਹਾਂ ਦੇ ਨੇਕ ਇਰਾਦਿਆਂ ਦਾ ਜ਼ਮੀਨੀ ਪੱਧਰ 'ਤੇ ਵੀ ਓਨਾ ਹੀ ਅਸਰ ਪੈ ਰਿਹਾ ਹੈ? ਇਸ ਦਾ ਜਵਾਬ ਹੋਵੇਗਾ-ਨਹੀਂ। ਉਨ੍ਹਾਂ ਨੇ ਸਟਾਰਪਅੱਪ ਇੰਡੀਆ ਯੋਜਨਾ ਸ਼ੁਰੂ ਕੀਤੀ ਸੀ ਪਰ ਨੌਕਰਸ਼ਾਹ ਐਂਜਲ ਟੈਕਸ ਲੈ ਆਏ। ਇਕ ਪਾਸੇ ਜਿੱਥੇ ਅਸੀਂ ਈਜ਼ ਆਫ ਡੂਇੰਗ ਬਿਜ਼ਨਸ ਅਰਥਾਤ ਕਾਰੋਬਾਰੀ ਸੁਗਮਤਾ ਦੇ ਮੋਰਚੇ 'ਤੇ ਸਥਿਤੀ ਸੁਧਾਰ ਰਹੇ ਹਾਂ ਪਰ ਕੰਪਨੀਆਂ ਘਾਟਾ ਸਹਾਰ ਰਹੀਆਂ ਹਨ ਅਤੇ ਲੋਕਾਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਹੈ। ਅਸੀਂ ਡਿਜੀਟਲ ਇੰਡੀਆ ਦੇ ਰੂਪ ਵਿਚ ਇਕ ਮਹੱਤਵਪੂਰਨ ਯੋਜਨਾ ਤਿਆਰ ਕੀਤੀ ਜਿਸ ਦਾ ਮਕਸਦ ਇਕ ਟ੍ਰਿਲੀਅਨ ਡਾਲਰ ਦੇ ਡਿਜੀਟਲ ਅਰਥਚਾਰੇ ਨੂੰ ਤਿਆਰ ਕਰਨਾ ਸੀ ਪਰ ਉਸ ਦੇ ਮੁੱਖ ਅੰਸ਼ਾਂ 'ਚੋਂ ਇਕ ਦੂਰਸੰਚਾਰ ਖੇਤਰ ਆਪਣੀ ਹੋਂਦ ਦੇ ਸੰਕਟ ਨਾਲ ਹੀ ਜੂਝ ਰਿਹਾ ਹੈ। ਸਰਕਾਰ ਕਾਰਪੋਰੇਟ ਗਵਰਨੈਂਸ ਦੀ ਸਥਿਤੀ ਸੁਧਾਰਨਾ ਚਾਹੁੰਦੀ ਹੈ ਪਰ ਰੈਗੂਲੇਟਰੀ ਅੱਤਵਾਦ ਦੇ ਮੌਜੂਦਾ ਮੁਹਾਂਦਰੇ ਵਿਚ ਭਲਾ ਕੌਣ ਨਿਰਦੇਸ਼ਕ ਬਣਨਾ ਚਾਹੇਗਾ? ਨੌਕਰਸ਼ਾਹੀ ਅਜੇ ਵੀ ਸਹੀ ਰਾਹ 'ਤੇ ਨਹੀਂ ਆਈ ਹੈ। ਸਮੁੰਦਰ ਦੇ ਕੰਢਿਆਂ 'ਤੇ ਲਹਿਰਾਂ ਤੂਫਾਨ ਪੈਦਾ ਕਰ ਰਹੀਆਂ ਹਨ ਪਰ ਉਸ ਦੀ ਸਤ੍ਹਾ 'ਤੇ ਕੋਈ ਹਲਚਲ ਤਕ ਨਹੀਂ। ਸਾਨੂੰ ਇਸ ਸਥਿਤੀ ਨੂੰ ਬਦਲਣਾ ਹੋਵੇਗਾ। ਜੜ੍ਹੋਂ ਸੁਧਾਰ ਦੀ ਸ਼ੁਰੂਆਤ ਕਰਨੀ ਹੋਵੇਗੀ। ਕੁਝ ਹਫ਼ਤੇ ਪਹਿਲਾਂ ਦੀ ਗੱਲ ਹੈ। ਮੈਂ ਤਾਮਿਲਨਾਡੂ ਵਿਚ ਸਿੱਖਿਆ ਅਤੇ ਕਾਰੋਬਾਰੀ ਜਗਤ ਦੇ ਲੋਕਾਂ ਨਾਲ ਗੱਲਬਾਤ ਕਰ ਰਿਹਾ ਸਾਂ। ਉਨ੍ਹਾਂ ਨਾਲ ਗੱਲਬਾਤ ਵਿਚ ਮੈਨੂੰ ਅਹਿਸਾਸ ਹੋਇਆ ਕਿ ਵੱਖ-ਵੱਖ ਖੇਤਰਾਂ ਨਾਲ ਜੁੜੇ ਭਾਰਤੀਆਂ ਵਿਚ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਸੰਭਾਵਨਾਵਾਂ-ਯੋਜਨਾਵਾਂ ਅਤੇ ਜਜ਼ਬੇ ਦੀ ਜ਼ਰਾ ਜਿੰਨੀ ਵੀ ਘਾਟ ਨਹੀਂ ਹੈ ਪਰ ਦੇਸ਼ ਦੀ ਨੌਕਰਸ਼ਾਹੀ ਇਸ ਨੂੰ ਸਮਝਣ ਵਿਚ ਅਸਫਲ ਹੈ ਅਤੇ ਉਹ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਪਟੜੀਓਂ ਲਾਹੁਣ ਦਾ ਕੰਮ ਕਰਦੀ ਹੈ। ਕਾਰੋਬਾਰੀ ਵਿਸਥਾਰ ਦੀਆਂ ਉਨ੍ਹਾਂ ਦੀਆਂ ਯੋਜਨਾਵਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਜਦ ਉਨ੍ਹਾਂ ਨੇ ਮੇਰੇ ਕੋਲੋਂ ਸਰਕਾਰ 'ਤੇ ਟਿੱਪਣੀ ਮੰਗੀ ਤਾਂ ਮੈਨੂੰ ਕਹਿਣਾ ਪਿਆ, 'ਜਿੱਥੋਂ ਤਕ ਇਰਾਦਿਆਂ ਅਤੇ ਮਨਸ਼ਾ ਦੀ ਗੱਲ ਹੈ ਤਾਂ ਸਾਡੇ ਕੋਲ ਫੁੱਲ ਟਾਈਮ ਬਿਹਤਰੀਨ ਪ੍ਰਧਾਨ ਮੰਤਰੀ ਹਨ ਪਰ ਬਾਕੀ ਗੱਲਾਂ ਬਾਰੇ ਮੈਂ ਅਜਿਹਾ ਨਹੀਂ ਕਹਿ ਸਕਦਾ। ਫ਼ਿਲਹਾਲ ਸਾਨੂੰ ਸੱਚਾਈ ਸਵੀਕਾਰ ਕਰਨੀ ਹੋਵੇਗੀ ਕਿ ਅਸੀਂ ਇਕ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਾਂ ਅਤੇ ਉਸ ਨੂੰ ਸੁਲਝਾਉਣ ਲਈ ਖੁੱਲ੍ਹੇ ਦਿਮਾਗ ਨਾਲ ਕੰਮ ਕਰਨਾ ਹੋਵੇਗਾ। ਇਸ ਵਿਚ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਪਵੇਗਾ। ਅੱਜ ਜ਼ਰੂਰਤ ਸਿਰਫ਼ ਬਦਲਾਅ ਦੀ ਨਹੀਂ ਬਲਕਿ ਸਾਰੇ ਪ੍ਰਮੁੱਖ ਮੁਹਾਜ਼ਾਂ 'ਤੇ ਨਵੇਂ ਸਿਰੇ ਤੋਂ ਸ਼ੁਰੂਆਤ ਕਰਨ ਦੀ ਹੈ ਅਤੇ ਇਹ ਬਜਟ ਦੇ ਦਾਇਰੇ ਤੋਂ ਬਾਹਰ ਦਾ ਮਸਲਾ ਹੈ। ਅਲੀਗੜ੍ਹ ਦੇ ਕਚੌੜੀ ਵਿਕਰੇਤਾ ਦੀ ਹੀ ਮਿਸਾਲ ਲਓ ਜੋ ਸਾਲਾਨਾ 60 ਲੱਖ ਰੁਪਏ ਦੀ ਕਮਾਈ ਦੇ ਮਾਮਲੇ ਵਿਚ ਟੈਕਸ ਚੋਰੀ ਵਿਚ ਫੜਿਆ ਗਿਆ। ਅਜਿਹਾ ਨਹੀਂ ਹੋ ਸਕਦਾ ਕਿ ਅਲੀਗੜ੍ਹ ਵਿਚ ਟੈਕਸ ਅਧਿਕਾਰੀਆਂ ਨੂੰ ਇਸ ਦੀ ਭਿਣਕ ਨਾ ਹੋਵੇ। ਜੇ ਸਰਕਾਰ ਕਾਰੋਬਾਰ ਹਿਤੈਸ਼ੀ ਹੁੰਦੀ ਤਾਂ ਉਹ ਟੈਕਸ ਅਫ਼ਸਰਾਂ ਨੂੰ ਸਜ਼ਾ ਦੇਣ ਦੇ ਨਾਲ ਹੀ ਉਸ ਆਦਮੀ ਨੂੰ ਟੈਕਸ ਅਦਾ ਕਰਨ ਪ੍ਰਤੀ ਜਾਗਰੂਕ ਕਰਦੀ। ਨਾਲ ਹੀ ਉਸ ਤੋਂ ਕਾਰੋਬਾਰ ਨੂੰ ਵਧਾਉਣ ਦੇ ਨੁਸਖੇ ਵੀ ਜਾਣਦੀ ਜਿਨ੍ਹਾਂ ਨੂੰ ਆਮ ਲੋਕਾਂ ਨਾਲ ਸਾਂਝੇ ਕਰ ਕੇ ਇਸ ਜਮਾਤ ਵਿਚ ਹੋਰਾਂ ਨੂੰ ਵੀ ਜੋੜਿਆ ਜਾ ਸਕਦਾ ਹੈ ਜੋ ਸਾਲਾਨਾ 60 ਲੱਖ ਰੁਪਏ ਕਮਾਉਣ ਦੇ ਸਮਰੱਥ ਹੋ ਸਕਣ।




ਓਥੇ ਹੀ ਜਿੱਥੇ ਉਤਸ਼ਾਹ ਨਾਲ ਕੰਮ ਚੱਲੇ ਉੱਥੇ ਸਰਕਾਰ ਸਜ਼ਾ ਦੇਣ ਵਾਲੀ ਕਾਰਵਾਈ ਕਰਦੀ ਹੈ। ਜਦ ਬੈਂਕਰ, ਅਫ਼ਸਰਾਂ ਅਤੇ ਕਾਰੋਬਾਰੀਆਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਜੇਲ੍ਹ ਭੇਜਿਆ ਜਾਵੇਗਾ ਤਾਂ ਭਲਾ ਕੋਈ ਕਿਉਂ ਨਿਵੇਸ਼ ਕਰਨਾ ਚਾਹੇਗਾ? ਜਦ ਸੰਪਦਾ ਸਿਰਜਣਾ ਨੂੰ ਟੇਢੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਕੋਈ ਕਿਉਂ ਨਿਵੇਸ਼ ਕਰ ਕੇ ਜਾਂਚ ਏਜੰਸੀਆਂ ਨੂੰ ਸੱਦਾ ਦੇਵੇਗਾ? ਅਜਿਹੀ ਹਾਲਤ ਵਿਚ ਸਰਕਾਰ ਨੂੰ ਕਾਰੋਬਾਰ ਲਈ ਮਾਫ਼ਕ ਮਾਹੌਲ ਤਿਆਰ ਕਰਨ ਵਾਸਤੇ ਕੰਮ ਕਰਨਾ ਹੋਵੇਗਾ। ਖ਼ਰਾਬ ਆਰਥਿਕ ਮੁਹਾਂਦਰੇ ਅਤੇ ਨਾਂਹ-ਪੱਖੀ ਧਾਰਨਾਵਾਂ ਕਾਰਨ ਇਸ ਸਾਲ ਸਭ ਤੋਂ ਜ਼ਿਆਦਾ ਛਾਂਟੀਆਂ ਦਾ ਖ਼ਦਸ਼ਾ ਡੂੰਘਾ ਹੁੰਦਾ ਜਾ ਰਿਹਾ ਹੈ। ਇਸ ਦਾ ਹੱਲ ਵੀ ਬਜਟ ਦੇ ਬਲਬੂਤੇ ਤੋਂ ਬਾਹਰ ਹੈ। ਬੀਤੇ ਸਾਲ ਬਜਟ ਵਿਚ ਚਾਰ ਮੁੱਖ ਐਲਾਨ ਹੋਏ ਸਨ ਪਰ ਵਾਧੇ ਵਿਚ ਗਿਰਾਵਟ ਦਾ ਰੁਖ਼ ਜਾਰੀ ਹੈ। ਇਹ ਸਾਡੇ ਸਾਹਮਣੇ ਇਕ ਵੱਡੀ ਚੁਣੌਤੀ ਹੈ। ਕਿਉਂਕਿ ਮੌਜੂਦਾ ਹਾਲਾਤ ਕਾਰਨ ਸਭ ਤੋਂ ਵੱਧ ਨੌਜਵਾਨ ਹੀ ਪ੍ਰਭਾਵਿਤ ਹੋ ਰਹੇ ਹਨ ਤਾਂ ਉਨ੍ਹਾਂ ਵਿਚ ਬੇਚੈਨੀ ਵੀ ਵੱਧਦੀ ਜਾ ਰਹੀ ਹੈ। ਭਾਰਤੀ ਵਿਕਾਸ ਗਾਥਾ ਵਿਚ ਨਵੀਂ ਜਾਨ ਫੂਕਣ ਲਈ ਸਰਕਾਰ ਨੂੰ 1991 ਦੇ ਦਾਅ ਤੋਂ ਵੀ ਕੁਝ ਵੱਧ ਕੇ ਅਜਮਾਉਣਾ ਹੋਵੇਗਾ। ਆਈਐੱਮਐੱਫ ਦੀ ਮੁੱਖ ਅਰਥ ਸ਼ਾਸਤਰੀ ਗੀਤਾ ਗੋਪੀਨਾਥ ਨੇ ਕਿਹਾ ਹੈ ਕਿ ਭਾਰਤ ਵਿਚ ਆਰਥਿਕ ਸੁਸਤੀ ਵਿਸ਼ਵ ਪੱਧਰ 'ਤੇ ਵਾਧੇ ਨੂੰ ਪ੍ਰਭਾਵਿਤ ਕਰੇਗੀ। ਓਥੇ ਹੀ ਜੇ ਸਾਡਾ ਘਰੇਲੂ ਅਰਥਚਾਰਾ ਮਜ਼ਬੂਤ ਰਹੇਗਾ ਉਦੋਂ ਵਿਸ਼ਵ ਪੱਧਰੀ ਮੰਦੀ ਦਾ ਵੀ ਸਾਡੇ 'ਤੇ ਬਹੁਤ ਜ਼ਿਆਦਾ ਫ਼ਰਕ ਨਹੀਂ ਪਵੇਗਾ। ਸਰਕਾਰ ਕੋਲ ਹੁਣ ਕੁਝ ਦਿਨਾਂ ਦਾ ਹੀ ਵਕਤ ਹੈ ਕਿ ਉਹ ਭਾਰਤੀ ਵਿਕਾਸ ਗਾਥਾ ਨੂੰ ਨਵੀਂ ਊਰਜਾ ਦੇਵੇ। ਸਰਕਾਰ ਅਜਿਹਾ ਕਰ ਸਕਦੀ ਹੈ ਅਤੇ ਉਸ ਨੂੰ ਇਹ ਜ਼ਰੂਰ ਕਰਨਾ ਵੀ ਚਾਹੀਦਾ ਹੈ। ਬਜਟ ਨੂੰ ਉਮੀਦਾਂ ਅਤੇ ਅਟਕਲਾਂ ਤੋਂ ਪਰੇ ਜਾ ਕੇ ਜ਼ਰੂਰੀ ਅਤੇ ਢਾਂਚਾਗਤ ਮੁੱਦਿਆਂ ਦਾ ਹੱਲ ਤਲਾਸ਼ਣ ਦੀ ਮਿਸਾਲ ਪੇਸ਼ ਕਰਨੀ ਹੋਵੇਗੀ।

# ਬਾਸਕਟਬਾਲ ਦਾ ਮਹਾਨ ਖਿਡਾਰੀ ਸੀ ਕੋਬੇ ਬਰਾਇੰਟ

**ਲਾਸ ਏਂਜਲਸ-** ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ (ਐੱਨਬੀਏ) ਦੇ ਉੱਘੇ ਖਿਡਾਰੀ ਕੋਬੇ ਬਰਾਇੰਟ ਦੀ ਐਤਵਾਰ ਨੂੰ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋ ਗਈ, ਜਿਸ ਨਾਲ ਵਿਸ਼ਵ ਭਰ ਵਿੱਚ ਉਨ੍ਹਾਂ ਦੇ ਪ੍ਰਸ਼ੰਸਕ, ਪੂਰਾ ਖੇਡ ਜਗਤ, ਮੀਡੀਆ ਅਤੇ ਹਾਲੀਵੁੱਡ ਸਦਮੇ ਵਿੱਚ ਹਨ। ਇਸ ਹਾਦਸੇ ਵਿੱਚ ਉਸ ਦੀ 13 ਸਾਲ ਦੀ ਧੀ ਅਤੇ ਹੈ-ਲੀਕਾਪਟਰ 'ਚ ਸਵਾਰ ਸਾਰੇ ਨੌਂ ਜਣਿਆਂ ਦੀ ਮੌਤ ਹੋ ਗਈ। ਬਰਾਇੰਟ 41 ਸਾਲ ਦਾ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਅਦਾਕਾਰ ਵਿਨ ਡੀਜ਼ਲ, ਡਵੈਨ ਜੌਨਸਨ (ਰੌਕ), ਗਾਇਕ ਜਸਟਿਨ ਬੀਬਰ ਤੋਂ ਇਲਾਵਾ ਪ੍ਰਿਯੰਕਾ ਚੋਪੜਾ, ਰਣਵੀਰ ਸਿੰਘ, ਕ੍ਰਿਕਟਰ ਸਚਿਨ ਤੇਂਦੁਲਕਰ, ਭਾਰਤੀ ਕਪਤਾਨ ਵਿਰਾਟ ਕੋਹਲੀ, ਹਾਲੀਵੁੱਡ ਵਿੱਚੋਂ ਸੈਮੂਅਲ ਐੱਲ ਜੈਕਸਨ, ਲਿਓਨਾਰਡੋ ਡੀਕੈਪਰੀਓ, ਜੌਹਨ ਲੀਜ਼ੈਂਡ ਆਦਿ ਨੇ ਸ਼ੋਕ ਪ੍ਰਗਟਾਇਆ ਹੈ। ਅਮਰੀਕਾ ਦੇ ਮੌਜੂਦਾ ਅਤੇ ਸਾਬਕਾ ਰਾਸ਼ਟਰਪਤੀ, ਪੌਪ ਸਟਾਰ ਅਤੇ ਵੱਖ-ਵੱਖ ਖੇਡਾਂ ਨਾਲ ਜੁੜੇ ਖਿਡਾਰੀਆਂ ਨੇ ਵੀ ਬਰਾਇੰਟ ਦੀ ਮੌਤ 'ਤੇ ਸ਼ੋਕ ਪ੍ਰਗਟ ਕੀਤਾ, ਜਿਨ੍ਹਾਂ ਨੂੰ 'ਬਲੈਕ ਮਾਂਬਾ' ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਕੋਬੇ ਬੀਨ ਬਰਾਇੰਟ ਸਾਬਕਾ ਐੱਨਬੀਏ ਖਿਡਾਰੀ 'ਜੇਲੀਬੀਨ' ਬਰਾਇੰਟ ਦਾ ਪੁਤਰ ਸੀ। ਉਸ ਦਾ 23 ਅਗਸਤ 1978 ਨੂੰ ਫਿਲਾਡੈਲਫੀਆ ਵਿੱਚ ਜਨਮ ਹੋਇਆ ਸੀ। ਬਰਾਇੰਟ ਦੇ ਰਹਿੰਦਿਆਂ ਲੇਕਰਜ਼ ਨੇ ਪੰਜ (2000, 2001, 2002, 2009 ਅਤੇ 2010) ਐੱਨਬੀਏ ਖ਼ਿਤਾਬ ਜਿੱਤੇ ਸਨ। ਉਹ 23 ਸਾਲ ਦੀ ਉਮਰ ਵਿੱਚ ਤਿੰਨ ਖ਼ਿਤਾਬ ਜਿੱਤਣ ਵਾਲਾ ਸਭ ਤੋਂ ਨੌਜਵਾਨ ਖਿਡਾਰੀ ਵੀ ਬਣਿਆ ਸੀ। ਬਰ-ਾਇੰਟ ਦੀ ਅਗਵਾਈ ਵਿੱਚ ਅਮਰੀਕਾ ਦੀ ਓਲੰਪਿਕ ਟੀਮ ਨੇ 2008 ਪੇਈਚਿੰਗ ਓਲੰਪਿਕ ਅਤੇ 2012 ਲੰਡਨ ਓਲੰਪਿਕ ਵਿੱਚ ਸੋਨ ਤਗ਼ਮੇ ਜਿੱਤੇ ਸਨ। ਇਸ ਨਾਲ ਉਹ ਆਲਮੀ ਹਸਤੀ ਬਣ ਗਿਆ ਸੀ। ਸਾਲ 2016 ਵਿੱਚ 37 ਸਾਲ ਦੀ ਉਮਰ ਵਿੱਚ ਉਸ ਨੇ ਐੱਨਬੀਏ ਦੇ ਆਪਣੇ ਆਖ਼ਰੀ ਮੈਚ ਵਿੱਚ ਵੀ ਉਟਾਹ ਖ਼ਿਲਾਫ਼ 60 ਅੰਕ ਲਏ ਸਨ।



ਬਰਾਇੰਟ ਨੇ ਕਿਹਾ ਸੀ, ''ਮੈਂ ਇਸ ਖੇਡ ਦੀ ਹਰ ਚੀਜ਼ ਨੂੰ ਪਸੰਦ ਕਰਦਾ ਹਾਂ। ਮੇਰੇ ਲਈ, ਇਹ ਜੀਵਨ ਦਾ ਹਿੱਸਾ ਨਹੀਂ ਹੈ, ਇਹ ਜੀਵਨ ਹੈ, ਅਤੇ ਇਹ ਮੇਰਾ ਇੱਕ ਹਿੱਸਾ ਹੈ।'' ਆਪਣੇ ਸ਼ਾਨਦਾਰ ਕਰੀਅਰ ਦੌਰਾਨ ਬਰਾਇੰਟ ਨੇ ਕੁੱਲ 33,643 ਅੰਕ ਬਣਾਏ। ਉਹ 18 ਵਾਰ ਐੱਨਬੀਏ ਆਲ ਸਟਾਰ ਚੁਣਿਆ ਗਿਆ। ਸੰਨਿਆਸ ਲੈਣ ਮਗਰੋਂ ਬਰਾਇੰਟ ਨੇ ਬੱਚਿਆਂ ਲਈ ਕਿਤਾਬਾਂ ਲਿਖੀਆਂ। 'ਡਿਅਰ ਬਾਸਕਟਬਾਲ' ਫਿਲਮ ਦੀ ਸਕ੍ਰਿਪਟ ਵੀ ਉਸ ਨੇ ਹੀ ਲਿਖੀ ਸੀ। ਇਸ ਨੂੰ ਬੀਤੇ ਸਾਲ ਐਨੀਮੇਸ਼ਨ ਲਈ ਸਰਵੋਤਮ ਲਘੂ ਫਿਲਮ ਦਾ ਅਕੈਡਮੀ ਪੁਰਸਕਾਰ ਮਿਲਿਆ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪਲਸ ਮੰਚ ਸੂਬਾਈ ਸਮਾਗਮ ਨੇ ਦਿੱਤਾ ਸੰਘਰਸ਼ ਦਾ ਹੋਕਾ, ਫਾਸ਼ੀ ਹੱਲੇ ਨੂੰ ਲੋਕ-ਤਾਕਤ ਪਛਾੜੇਗੀ: ਡਾ.ਨਵਸ਼ਰਨ












**ਜਲੰਧਰ–** ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤੇ ਸੂਬਾਈ ਸਮਾਗਮ 'ਚ ਜੁੜੇ ਲੋਕਾਂ ਨੇ ਖੜ੍ਹੇ ਹੋ ਕੇ ਅਹਿਦ ਕੀਤਾ ਕਿ ਉਹ ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਦੇ ਫ਼ਿਰਕੂ ਫਾਸ਼ੀ ਹੱਲੇ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਸਾਹਿਤਕਾਰਾਂ, ਲੇਖਕਾਂ, ਸਭਿਆਚਾਰਕ ਕਾਮਿਆਂ, ਪੱਤਰਕਾਰਾਂ, ਤਰਕਸ਼ੀਲਾਂ, ਜਮਹੂਰੀਅਤ ਪਸੰਦਾਂ, ਕਿਰਤੀ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਔਰਤਾਂ ਦੀ ਵਿਸ਼ਾਲ ਲੋਕ ਲਹਿਰ ਉਸਾਰਨ ਲਈ ਲੱਕ ਬੰਨ੍ਹਵੀਂ ਜੱਦੋ ਜਹਿਦ ਕਰਨਗੇ। ਪ੍ਰੋ. ਜਗਮੋਹਨ ਸਿੰਘ, ਡਾ.ਪਰਮਿੰਦਰ, ਨੌਨਿਹਾਲ ਸਿੰਘ, ਹੰਸਾ ਸਿੰਘ ਦੀ ਪ੍ਰਧਾਨਗੀ ਅਤੇ ਪਲਸ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਦੀ ਮੰਚ ਸੰ-ਚਾਲਨਾ 'ਚ ਹੋਏ ਇਸ ਸਮਾਗਮ ਦੇ ਮੁੱਖ ਵਕਤਾ ਡਾ.ਨਵਸ਼ਰਨ ਨੇ ਆਸਾਮ ਦੇ ਡੀਟੈਂਸ਼ਨ ਸੈਂਟਰ, ਯੂ.ਪੀ. ਦੇ ਸ਼ਹਿਰਾਂ, ਪਿੰਡਾਂ ਵਿੱਚ ਜਾ ਕੇ ਇਕੱਤਰ ਤੱਥਾਂ ਭਰੀਆਂ ਪੜਤਾਲੀਆਂ ਰਿਪੋਰਟਾਂ, ਦਸਤਾਵੇਜ਼ੀ ਫ਼ਿਲਮਾਂਕਣ, ਲੋਕਾਂ ਦੇ ਹਲਫ਼ੀਆਂ ਬਿਆਨਾਂ, ਤਸਵੀਰਾਂ ਦੀ ਅੱਖੀਂ ਡਿੱਠੀ ਕਹਾਣੀ ਦਾ ਬਿਰਤਾਂਤ ਪੇਸ਼ ਕਰਦਿਆਂ ਰੌਂਗਟੇ ਖੜ੍ਹੇ ਕਰ ਦਿੱਤੇ। ਖਚਾ ਖਚ ਭਰੇ ਪੰਡਾਲ ਦੀ ਉਹ ਕਿਹੜੀ ਅੱਖ ਹੈ, ਜਿਹੜੀ ਸਿੱਲ਼ੀ ਨਾ ਹੋਈ ਹੋਵੇ, ਉਹ ਕਿਹੜਾ ਮੱਥਾ ਹੈ ਜੋ ਜਗਿਆ ਅਤੇ ਬਲ਼ਿਆ ਨਾ ਹੋਵੇ।

ਡਾ. ਨਵਸ਼ਰਨ ਨੇ ਪ੍ਰੋਜੈਕਟਰ ਦੀ ਸਕਰੀਨ 'ਤੇ ਦ੍ਰਿਸ਼ ਵੀ ਵਿਖਾਏ ਕਿ ਕਿਵੇਂ ਯੂ.ਪੀ. 'ਚ 16 ਮੁਸਲਮਾਨਾਂ ਨੂੰ ਚੋਣਵਾਂ ਨਿਸ਼ਾਨਾ ਬਣਾਕੇ ਸਿਰਾਂ 'ਚ ਗੋਲੀਆਂ ਮਾਰੀਆਂ ਗਈਆਂ। ਡੀਟੈਂਸ਼ਨ ਸੈਂਟਰ 'ਚ ਭੁੱਖਿਆ, ਬੇ-ਇਲਾਜ ਰੱਖਕੇ ਤਸੀਹੇ ਦੇ ਕੇ ਮਾਰਿਆ ਗਿਆ। ਨੰਨੇ ਮੁੰਨੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਕਿਵੇਂ ਪਸ਼ੂਆਂ ਵਾਂਗ ਕੁਟਾਪਾ ਚਾੜ੍ਹਿਆ ਜਾਂਦਾ ਹੈ। ਅਲਫ਼ ਨੰਗਿਆਂ ਕਰਨਾ, ਸਾਜੋ ਸਾਮਾਨ ਭੰਨਣਾ, ਅੱਗਾਂ ਲਾਉਣਾ ਅਤੇ ਬਦਲੇ ਲੈਣ ਦੀਆਂ ਧਮਕੀਆਂ ਨਾਲ ਡਰਾਉਣਾ ਹਰ ਪਲ ਦਾ ਸਿਲਸਿਲਾ ਬਣਿਆ ਹੋਇਆ ਹੈ।

ਡਾ. ਨਵਸ਼ਰਨ ਨੇ ਕਿਹਾ ਕਿ 'ਐਨ.ਆਰ.ਸੀ. ਲਾਗੂ ਨਹੀਂ ਹੋਏਗਾ', 'ਮੁਸਲਮਾਨਾਂ ਨੂੰ ਡਰਨ ਦੀ ਲੋੜ ਨਹੀਂ', 'ਦੇਸ਼ 'ਚ ਕੋਈ ਡੀਟੈਂਸ਼ਨ ਕੈਂਪ ਨਹੀਂ' ਦੰਭ ਨਾਲੋਂ ਵੱਡਾ ਝੂਠ-ਤੂਫ਼ਾਨ ਮੋਦੀ ਹਕੂਮਤ ਹੋਰ ਕੀ ਮਾਰ ਸਕਦੀ ਹੈ, ਜਦੋਂ ਕਿ ਹਕੂਮਤ ਦੀ ਹੱਲਾ ਸ਼ੇਰੀ ਨਾਲ, ਏ.ਬੀ.ਪੀ., ਪੁਲਸ ਅਤੇ ਗੁੰਡਾ ਢਾਣੀ ਮਿਲਕੇ ਲੋਕਾਂ ਉਪਰ ਜ਼ਬਰ ਦੇ ਚੌਤਰਫ਼ੇ ਝੱਖੜ ਝੁਲਾ ਰਹੀ ਹੈ।

ਡਾ. ਨਵਸ਼ਰਨ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਦੇਸ਼ ਦੇ ਲੋਕ ਜਾਗਰੂਕ ਹੋਕੇ ਜਿਵੇਂ ਜੇ.ਐਨ.ਯੂ., ਜਾਮੀਆਂ ਇਸਲਾਮੀਆਂ, ਸ਼ਾਹੀਨ ਬਾਗ਼ ਅਤੇ ਹੋਰ ਕਿੰਨੇ ਥਾਈਂ ਮੈਦਾਨ 'ਚ ਨਿੱਤਰੇ ਹਨ, ਇਹ ਸੁਲੱਖਣਾ ਵਰਤਾਰਾ ਦਰਸਾਉਂਦਾ ਹੈ ਕਿ ਇੱਕ ਮੁੱਠ ਹੋਈ ਲੋਕ-ਤਾਕਤ ਅਵੱਸ਼ ਹੀ ਭਾਜਪਾ ਦੇ ਫ਼ਿਰਕੂ ਹੱਲੇ ਨੂੰ ਪਛਾੜੇਗੀ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਦਾ ਪਰਚਮ ਲਹਿਰਾਏਗੀ। ਸ਼ਹੀਦ ਭਗਤ ਸਿੰਘ ਦੇ ਭਾਣਜੇ, ਪ੍ਰੋ. ਜਗਮੋਹਨ ਸਿੰਘ ਨੇ ਬੋਲਦਿਆਂ ਕਿਹਾ ਕਿ ਅੱਜ ਦੀ ਵਿਚਾਰ-ਚਰਚਾ ਜੋ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇ ਗੰਢ ਨੂੰ ਸਮਰਪਤ ਹੈ, ਇਸ ਲਈ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਜ਼ਾਦੀ ਲਹਿਰ ਦੀ ਸਾਂਝੀ ਵਿਰਾਸਤ ਨੂੰ ਦਰਪੇਸ਼ ਅਜੋਕੀਆਂ ਚੁਣੌਤੀਆਂ ਨੂੰ ਭਾਂਜ ਦੇਣ ਲਈ ਘਰ-ਘਰ, ਗਲੀ-ਗਲੀ ਤੱਕ ਜਨ ਸੰਪਰਕ ਮੁਹਿੰਮ ਚਲਾਈਏ।

# ਕਾਂਗਰਸ ਵਲੋਂ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ

**ਨਵੀਂ ਦਿੱਲੀ–** ਕਾਂਗਰਸ ਨੇ ਅੱਜ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨਐੱਚਆਰਸੀ) ਤੱਕ ਪਹੁੰਚ ਕਰਕੇ ਉੱਤਰ ਪ੍ਰਦੇਸ਼ ਵਿੱਚ ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ 'ਤੇ ਹੋਏ ਕਥਿਤ ਪੁਲੀਸ ਤਸ਼ੱਦਦ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਕਾਂਗਰਸ ਨੇ ਦੋਸ਼ ਲਾਇਆ ਕਿ ਪੀੜਤਾਂ ਨੂੰ ਕੇਸ ਸਬੰਧੀ ਐੱਫਆਈਆਰਜ਼ ਵਿੱਚ ਮੁਲਜ਼ਮ ਬਣਾਇਆ ਜਾ ਰਿਹਾ ਹੈ ਅਤੇ ਕਿਸੇ ਵੀ ਪੁਲੀਸ ਅਫਸਰ ਨੂੰ ਨਾਮਜ਼ਦ ਨਹੀਂ ਕੀਤਾ ਗਿਆ ਹੈ।

ਕਾਂਗਰਸ ਦੇ ਸੀਨੀਅਰ ਆਗੂਆਂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਦੀ ਅਗਵਾਈ ਹੇਠ ਪਾਰਟੀ ਵਫ਼ਦ ਨੇ ਐਨਐੱਚਆਰਸੀ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ 31 ਸਫ਼ਿਆਂ ਦਾ ਮੰਗ ਪੱਤਰ, ਜਿਸ ਵਿੱਚ ਵੀਡੀਓਜ਼ ਅਤੇ ਤਸਵੀਰਾਂ ਵੀ ਸ਼ਾਮਲ ਹਨ, ਤਸ਼ੱਦਦ ਦੇ 'ਸਬੂਤ' ਵਜੋਂ ਸੌਂਪੇ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਦੇ ਦੋਸ਼ ਲਾਏ। ਮੁਲਾਕਾਤ ਤੋਂ ਬਾਅਦ ਰਾਹੁਲ ਗਾਂਧੀ ਨੇ ਟਵੀਟ ਕਰਕੇ ਦੋਸ਼ ਲਾਏ ਕਿ ਉੱਤਰ ਪ੍ਰਦੇਸ਼ ਸਰਕਾਰ ਨੇ 'ਆਪਣੇ ਹੀ ਲੋਕਾਂ ਵਿਰੁਧ ਜੰਗ ਛੇੜੀ ਹੋਈ ਹੈ'। ਉਨ੍ਹਾਂ ਐਨਐੱਚਆਰਸੀ ਤੋਂ 'ਦੇਸ਼ ਦੇ ਨਾਗਰਿਕਾਂ ਦੇ ਸੰਵਿਧਾਨਿਕ ਅਧਿਕਾਰਾਂ' ਦੀ ਰੱਖਿਆ ਲਈ ਫੈਸਲਾਕੁਨ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਪਾਰਟੀ ਨੇ ਐਨਐੱਚਆਰਸੀ ਨੂੰ ਮੰਗ ਪੱਤਰ ਸੌਂਪ ਕੇ ਸੂਬੇ ਵਿੱਚ ਭਾਜਪਾ ਸਰਕਾਰ ਵਲੋਂ 'ਆਪਣੇ ਹੀ ਨਾਗਰਿਕਾਂ ਨਾਲ ਅਪਰਾਧੀਆਂ ਵਾਂਗ ਸਲੂਕ ਕਰਨ' ਬਾਰੇ ਦੱਸਿਆ ਹੈ। ਮੁਲਾਕਾਤ ਤੋਂ ਬਾਅਦ ਕਾਂਗਰਸੀ ਆਗੂ ਅਭਿਸ਼ੇਕ ਸਿੰਘਵੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਉੱਤਰ ਪ੍ਰਦੇਸ਼ ਵਿੱਚ ਸਮੂਹਿਕ ਤੌਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਅਸੀਂ ਐਨਐੱਚਆਰਸੀ ਨੂੰ ਵੀਡੀਓਜ਼ ਅਤੇ ਤਸਵੀਰਾਂ ਸੌਂਪੀਆਂ ਹਨ।'' ਉਨ੍ਹਾਂ ਕਿਹਾ ਕਿ ਕਾਂਗਰਸ ਨੇ '23 ਮੌਤਾਂ' ਸਬੰਧੀ ਤੱਥਾਂ ਸਮੇਤ ਵੇਰਵਿਆਂ ਦੇ ਨਾਲ-ਨਾਲ ਇਹ ਵੀ ਦੱਸਿਆ ਹੈ ਕਿ ਕਿਵੇਂ 'ਕੁਝ ਲੋਕਾਂ ਦੇ ਸੀਨੇ ਵਿੱਚ ਗੋਲੀ ਮਾਰੀ ਗਈ।' ਇਸੇ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਕਪਿਲ ਸਿੱਬਲ ਨੇ ਅੱਜ ਕਿਹਾ, ''ਯੂਰੋਪੀਅਨ ਯੂਨੀਅਨ ਵਲੋਂ ਸੀਏਏ ਬਾਰੇ ਵਿਚਾਰ ਕੀਤੇ ਜਾਣ ਦਾ ਅਰਥ ਹੈ ਕਿ ਇਸ ਸਰਕਾਰ ਨੇ ਨਾਗਰਿਕਤਾ ਕਾਨੂੰਨ ਦੇ ਮੁੱਦੇ ਦਾ ਕੌਮਾਂਤਰੀਕਰਨ ਕਰ ਦਿੱਤਾ ਹੈ।''



# ਪੰਜਾਬ ਸਰਕਾਰ ਪਾਣੀਆਂ ਦੇ ਮੁੱਦੇ ਉਪਰ ਤਿੰਨ ਸਾਲ ਬਾਅਦ ਬਿਨਾਂ ਕਿਸੀ ਹੱਲ ਤੋ ਚੌਰਾਹੇ ਤੇ- ਬਸਪਾ ਸੂਬਾ ਪ੍ਰਧਾਨ





**ਚੰਡੀਗੜ੍ਹ–** ਪੰਜਾਬ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਬਸਪਾ ਆਗੂਆਂ ਦੀ ਚੰਡੀਗੜ੍ਹ ਹੈਂਡ ਕੁਆਰਟਰ ਵਿਖੇ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਕੁੰਭਕਰਨੀ ਨੀਂਦ ਤਿੰਨ ਸਾਲ ਬਾਅਦ ਪੰਜਾਬ ਦੇ ਪਾਣੀਆਂ ਦੇ ਮੁੱਦੇ ਉਪਰ ਖੁੱਲੀ ਹੈ, ਲੇਕਿਨ ਪੰਜਾਬ ਸਰਕਾਰ ਬਿਨਾ ਕਿਸੀ ਠੋਸ ਹੱਲ ਤੋਂ ਚੌਰਾਹੇ ਉਪਰ ਖੜ੍ਹੀ ਹੈ। ਜਿਸਦੇ ਹੱਲ ਲਈ ਸਰਬ ਪਾਰਟੀ ਮੀਟਿੰਗ ਬੁਲਾਈ ਹੈ ਬਸਪਾ ਪੰਜਾਬ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਮੀਟਿੰਗ ਵਿੱਚ ਸ਼ਾਮਿਲ ਹੋਕੇ ਪੰਜਾਬ ਦੇ ਦਰਿਆਈ ਅਤੇ ਜਮੀਨਦੋਜ਼ ਪਾਣੀਆ ਦੀ ਮੁਸ਼ਕਿਲ ਦੇ ਹੱਲ ਲਈ ਚਰਚਾ ਵਿਚ ਭਾਗ ਲਵੇਗੀ। ਪੰਜਾਬ ਸਰਕਾਰ ਨੂੰ ਬਿਜਲੀ ਦੇ ਮਹਿੰਗੇ ਮੁੱਲ ਉਪਰ ਨਿਜੀ ਕੰਪਨੀਆਂ ਨਾਲ ਕੀਤੇ ਗਏ ਸਮਝੌਤਿਆਂ ਉਪਰ ਵੀ ਸਾਝੀ ਰਣਨੀਤੀ ਬਣਾਕੇ ਸਮਝੌਤੇ ਸੋਧਣੇ ਚਾਹੀਦੇ ਹਨ ਤਾਕਿ ਪੰਜਾਬ ਦੀ ਜਨਤਾ ਨੂੰ ਸਸਤੀ ਬਿਜਲੀ ਮੁਹੱਈਆ ਕਰਵਾਈ ਜਾ ਸਕੇ। ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਫਰਵਰੀ ਮਹੀਨੇ ਵਿੱਚ ਬਨਾਰਸ ਜਾਣ ਵਾਲੀਆ ਟ੍ਰੇਨਾਂ ਨੂੰ ਰੱਦ ਕਰਨ ਦਾ ਮੋਦੀ ਸਰਕਾਰ ਦੇ ਫੈਸਲੇ ਸਖਤ ਸਬਦਾ ਵਿਚ ਨਿੰਦਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਘਟ ਗਿਣਤੀਆਂ ਨਾਲ ਹਿਟਲਰਸਾਹੀ ਵਤੀਰਾ ਅਖਤਿਆਰ ਕਰਕੇ ਦੇਸ਼ ਨੂੰ ਖਾਨਾਜੰਗੀ ਵੱਲ ਵਧਾ ਰਹੀ ਹੈ, ਬਸਪਾ ਪੰਜਾਬ ਮੋਦੀ ਸਰਕਾਰ ਨੂੰ ਤੁਰੰਤ ਰੱਦ ਰੇਲਗੱਡੀਆਂ ਦੀ ਬਹਾਲੀ ਲਈ ਅਪੀਲ ਕਰਦੀ ਹੈ ਅਤੇ ਚੇਤਾਵਨੀ ਦਿੰਦੀ ਹੈ ਕਿ ਬਸਪਾ ਪੰਜਾਬ ਮੋਦੀ ਸਰਕਾਰ ਤੋਂ ਬਦਲਾ 2022 ਦੀਆ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਹਰਾਕੇ ਲਵੇਗੀ। ਭਾਜਪਾ ਸਰਕਾਰ ਦੇ ਗ੍ਰਹਿ ਮੰਤਰੀ ਵਲੋਂ ਕੱਲ੍ਹ ਲਖਨਊ ਵਿਚ ਵਿਰੋਧੀ ਧਿਰ ਨੂੰ ਸੀ ਏ ਏ, ਐਨ ਆਰ ਸੀ, ਐਨ ਪੀ ਆਰ ਦੇ ਮੁੱਦੇ ਉਪਰ ਖੁੱਲੀ ਬਹਿਸ ਦੀ ਚੁਣੌਤੀ ਦਿੱਤੀ ਸੀ, ਜਿਸਨੂੰ ਬਸਪਾ ਨੇ ਸਵੀਕਾਰ ਕੀਤਾ ਹੈ। ਹੁਣ ਮੋਦੀ ਸ਼ਾਹ ਦੀ ਜੋੜੀ ਅਤੇ ਭਾਜਪਾ ਸਰਕਾਰ ਬਹੁਜਨ ਸਮਾਜ ਪਾਰਟੀ ਵੱਲੋ ਸਵੀਕਾਰ ਕੀਤੀ ਚੁਣ-ਤੀ ਲਈ ਜਗ੍ਹਾ ਅਤੇ ਸਮੇਂ ਦਾ ਐਲਾਨ ਕਰੇ, ਜਿੱਥੇ ਦੇਸ਼ਵਾਸੀ ਬਸਪਾ ਅਤੇ ਭਾਜਪਾ ਦੀ ਵਿਚਾਰਕ ਯੁੱਧ ਵੇਖਕੇ ਸਹੀ ਗਲਤ ਦਾ ਫੈਸਲਾ ਕਰਨ। ਇਸ ਮੌਕੇ ਪੰਜਾਬ ਦੇ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ, ਸਕੱਤਰ ਰਾਜਾ ਰਜਿੰਦਰ ਸਿੰਘ ਨਨ ਹੇਰਿਆ, ਜੋਨ ਇੰਚਾਰਜ ਐਡਵੋਕੇਟ ਚਰਨਜੀਤ ਸਿੰਘ ਘਈ, ਇੰਚਾਰਜ ਸ਼੍ਰੀ ਜੋਗਿੰਦਰਪਾਲ ਸਿੰਘ ਤਹਿਸੀਲਦਾਰ, ਇੰਚਾਰਜ ਸ਼੍ਰੀ ਕੁਲਦੀਪ ਸਿੰਘ ਘਨੌਲੀ, ਜਿਲ੍ਹਾ ਪ੍ਰਧਾਨ ਮਾਸਟਰ ਰਾਮਪਾਲ ਅਬਿਆਣਾ, ਠਾਣੇਦਾਰ ਵੀਰਬਲ ਵੈਦ, ਸ ਮੱਖਣ ਸਿੰਘ ਸੁਰਤਾਪੁਰ, ਦਰਸ਼ਨ ਸਿੰਘ ਢੋਲਨਮਾਜਰਾ , ਸ ਰਘੁਵੀਰ ਸਿੰਘ, ਸ ਭਾਗ ਸਿੰਘ, ਸ. ਪ੍ਰੇਮ ਸਿੰਘ ਫਿੱਡੇ ਆਦਿ ਹਾਜ਼ਿਰ ਸਨ।

# ਡਿਪਟੀ ਕਮਿਸ਼ਨਰ ਵਲੋਂ ਨੌਜਵਾਨਾਂ ਨੂੰ ਕੋਚਿੰਗ ਲਈ ਰਜਿਸਟਰ ਹੋਣ ਦਾ ਸੱਦਾ

**ਭੋਗਪੁਰ (ਸਾਬੀ ਮੋਗਾ)–** ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ 'ਘਰ-ਘਰ ਰੋਜ਼ਗਾਰ' ਸਕੀਮ ਤਹਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਜਲੰਧਰ ਵਲੋਂ ਨੌਜਵਾਨਾਂ ਦੇ ਹੁਨਰ ਵਿਕਾਸ ਅਤੇ ਮਾਨਸਿਕ ਸਮਰੱਥਾ ਦੀ ਹੋਰ ਮਜਬੂਤੀ ਲਈ ਕੋਚਿੰਗ ਸੈਂਟਰ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਉਨਾਂ ਨੂੰ ਵੱਖ-ਵੱਖ ਰੋਜ਼ਗਾਰ ਪ੍ਰਾਪਤੀ ਲਈ ਦਿੱਤੇ ਜਾਣ ਵਾਲੇ ਇੰਟਰਵਿਊ ਲਈ ਸੁਚੱਜੇ ਢੰਗ ਨਾਲ ਤਿਆਰ ਕੀਤਾ ਜਾ ਸਕੇ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਲੰਧਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਨੌਜਵਾਨਾਂ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਵਲੋਂ ਪਲੇਸਮੈਂਟ ਕੈਂਪਾਂ ਅਤੇ ਨੌਕਰੀ ਮੇਲਿਆਂ ਰਾਹੀਂ ਰੋਜ਼ਗਾਰ ਮੁਹੱਈਆ ਕਰਵਾਇਆ ਜਾ ਰਿਹਾ ਹੈ ।



ਉਨ੍ਹਾਂ ਕਿਹਾ ਕਿ ਕਈ ਵਾਰ ਨੌਜਵਾਨ ਪੂਰੀ ਯੋਗਤਾ ਹੋਣ ਦੇ ਬਾਵਜੂਦ ਆਤਮ ਵਿਸ਼ਵਾਸ ਦੀ ਘਾਟ ਕਰਕੇ ਇੰਟਰਵਿਊ ਦੌਰਾਨ ਅਪਣੇ ਹੁਨਰ ਦੀ ਸਹੀ ਵਿਆਖਿਆ ਨਹੀਂ ਕਰ ਪਾਉਂਦੇ ਜਿਸ ਕਰਕੇ ਉਹ ਰੋਜ਼ਗਾਰ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਕੋਚਿੰਗ ਸੈਂਟਰ ਵਿੱਚ ਚਾਹਵਾਨ ਨੌਜਵਾਨਾਂ ਨੂੰ ਇੰਟਰਵਿਊ ਲਈ ਮੁਫ਼ਤ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾ ਕਿਹਾ ਕਿ ਇਸ ਸੈਂਟਰ ਵਿੱਚ ਨੌਜਵਾਨਾਂ ਨੂੰ ਇੰਟਰਵਿਊ ਦੀ ਸਿਖਲਾਈ ਲਈ ਮਾਹਿਰਾਂ ਨੂੰ ਤਾਇਨਾਤ ਕੀਤਾ ਜਾਵੇਗਾ ਜਿਨਾਂ ਵਲੋਂ ਉਨਾਂ ਦਾ ਸਰਵਪੱਖੀ ਵਿਕਾਸ ਕੀਤਾ ਜਾਵੇਗਾ। ਸ੍ਰੀ ਸ਼ਰਮਾ ਨੇ ਨੌਜਵਾਨਾਂ ਨੂੰ ਕਿਹਾ ਕਿ ਇਸ ਕੋਚਿੰਗ ਸੈਂਟਰ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਅਤੇ ਇਸ ਕੋਚਿੰਗ ਸੈਂਟਰ ਵਿੱਚ ਸਿਖਲਾਈ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਦਫ਼ਤਰ ਤੀਜੀ ਮੰਜ਼ਿਲ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਜਲੰਧਰ ਵਿਖੇ ਪਹੁੰਚ ਕਰਨ। ਉਨ੍ਹਾ ਕਿਹਾ ਕਿ 'ਘਰ-ਘਰ ਰੋਜ਼ਗਾਰ' ਪ੍ਰੋਗਰਾਮ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਇਕ ਅਹਿਮ ਪ੍ਰੋਗਰਾਮ ਹੈ ਜਿਸ ਦਾ ਮੁੱਖ ਮੰਤਵ ਹਰੇਕ ਨੌਜਵਾਨ ਨੂੰ ਰੋਜ਼ਗਾਰ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੁਲਵੰਤ ਸਿੰਘ, ਏਡੀਸੀ ਜਸਵੀਰ ਸਿੰਘ, ਰਾਹੁਲ ਸਿੰਧੂ ਐਸ.ਡੀ.ਐਮ. ਜਲੰਧਰ-2, ਨਿਤਿਆਨੰਦ ਯਾਦਵ ਜਿਲਾ ਯੂਥ ਕੋਆਰਡੀਨੇਟਰ, ਅੰਕੁਰ ਗੁਪਤਾ ਏਐਸਪੀ, ਸੁਰਜੀਤ ਲਾਲ ਜਿਲ੍ਹਾ ਗਾਇਡੈਂਸ ਕੌਂਸਲਰ, ਸਰਪੰਚ ਸਤਨਾਮ ਸਿੰਘ ਸਾਬੀ ਮੋਗਾ, ਡਿਪਟੀ ਡਾਇਰੈਕਟਰ ਸੁਨੀਤਾ ਕਲਿਆਣ ਤੇ ਹੋਰ ਹਾਜ਼ਰ ਸਨ।

ਲਖਨਊ ਵਿਚ ਭਾਜਪਾ ਸਰਕਾਰ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਵਿਰੋਧੀ ਧਿਰ ਨੂੰ ਖੁੱਲੀ ਬਹਿਸ ਦੀ ਚੁਣੌਤੀ ਦਿੱਤੀ ਸੀ ਕਿ CAA/NRC/NPR ਮੁੱਦੇ ਉਪਰ ਭਾਜਪਾ ਦਾ ਫੈਸਲਾ ਸਹੀ ਤੇ ਨਾ ਬਦਲਣਯੋਗ ਪ੍ਰੰਤੂ ਇਸ ਮੌਕੇ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਪਲਟਵਾਰ ਕਰਦਿਆ ਤੁਰੰਤ ਭਾਜਪਾ ਸਰਕਾਰ ਦੀ ਖੁੱਲੀ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕੀਤਾ ਹੈ। ਅਜਿਹੇ ਹਾਲਾਤਾਂ ਵਿੱਚ ਮੋਦੀ ਸਰਕਾਰ ਤੁਰੰਤ ਖੁੱਲੀ ਬਹਿਸ ਲਈ ਸਮੇਂ ਅਤੇ ਸਥਾਨ ਦਾ ਐਲਾਨ ਕਰੇ।



# ਸਰਬ ਪਾਰਟੀ ਮੀਟਿੰਗ ਅਤੇ ਬਹੁਜਨ ਸਮਾਜ ਪਾਰਟੀ



ਪੰਜਾਬ ਦੇ ਦਰਿਆਈ ਪਾਣੀਆਂ ਅਤੇ ਜਮੀਨ ਦੋਜ਼ ਪਾਣੀਆ ਦੇ ਘਟਦੇ ਪੱਧਰ ਉਪਰ ਸਰਬ ਪਾਰਟੀ ਮੀਟਿੰਗ ਵਿੱਚ ਹਿੱਸਾ ਲਿਆ। ਬਹੁਜਨ ਸਮਾਜ ਪਾਰਟੀ ਵੱਲੋ ਸੂਬਾ ਪ੍ਰਧਾਨ ਜੀ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਵਫਦ ਸ਼ਾਮਿਲ ਹੋਇਆ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਵਿਚਾਰਾਂ ਅਤੇ ਸਿਧਾਂਤਾ ਅਨੁਸਾਰ ਦਰਿਆਈ ਪਾਣੀਆਂ ਦੇ ਮਸਲੇ ਦੇ ਹੱਲ ਉਪਰ ਵਿਚਾਰ ਦਿੱਤੇ। ਚੋਣ ਕਮਿਸ਼ਨ ਤੋਂ ਮਾਨਤਾ ਪ੍ਰਾਪਤ ਪੰਜਾਬ ਦੀਆ ਸਾਰੀਆ ਰਾਜਨੀਤਿਕ ਪਾਰਟੀਆਂ ਨੇ ਇਸ ਮੌਕੇ ਸ਼ਾਮਿਲ ਹੋਕੇ ਆਪਣੇ ਆਪਣੇ ਵਿਚਾਰ ਰੱਖੇ। ਬਹੁਜਨ ਸਮਾਜ ਪਾਰਟੀ ਵੱਲੋ ਸ਼ਾਮਿਲ ਹੋਏ ਵਫਦ ਵਿਚ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਤੋਂ ਇਲਾਵਾ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ ਜੀ ਅਤੇ ਨੌਜਵਾਨ ਆਗੂ ਡਾਕਟਰ ਜਸਪ੍ਰੀਤ ਖੰਨਾ ਜੀ ਸ਼ਾਮਿਲ ਹੋਏ। ਸਰਦਾਰ ਗੜ੍ਹੀ ਨੇ ਆਪਣੇ ਸੰਬੋਧਨ ਨਾਲ ਸਾਰੀਆ ਰਾਜਨੀਤਿਕ ਪਾਰਟੀਆਂ ਦਾ ਧਿਆਨ ਬਸਪਾ ਪੰਜਾਬ ਵੱਲ ਖਿੱਚਿਆ ਅਤੇ ਸਾਰੇ ਰਾਜਨੀਤਿਕ ਦਲ ਬਸਪਾ ਦੇ ਵਿਚਾਰਾਂ ਨਾਲ ਮੰਤਰ ਮੁਗਧ ਹੋਏ। ਬਾਅਦ ਵਿਚ ਬਸਪਾ ਨੇ ਗੈਰ ਰਸਮੀ ਗੱਲਬਾਤ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਕਾਲਜਾ ਦੇ ਬਕਾਇਆਂ ਦਾ ਮੁੱਦਾ ਸਰਕਾਰ ਕੋਲ ਉਠਾਇਆ । ਇਸ ਮੁੱਦੇ ਦੇ ਬਹਾਨੇ ਕਾਲਜ ਵਿਦਿਆਰਥੀਆਂ ਨੂੰ ਮਾਨਸਿਕ ਤੌਰ ਤੇ ਪੂਰਾ ਸਾਲ ਪ੍ਰੇਸ਼ਾਨ ਕਰਦੇ ਹਨ, ਜਿਸ ਸਬੰਧੀ ਸਰਕਾਰ ਤੁਰੰਤ ਕੇਂਦਰ ਨਾਲ ਗੱਲਬਾਤ ਲਈ ਸਹਿਮਤ ਹੋਈ। ਪੰਜਾਬ ਸਰਕਾਰ ਮਹਿੰਗੀ ਬਿਜਲੀ ਦੇ ਮੁੱਦੇ ਉਪਰ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਉਪਰ ਵੀ ਸਰਬ ਪਾਰਟੀ ਮੀਟਿੰਗ ਬੁਲਾਈ, ਬਸਪਾ ਵੱਲੋ ਮੰਗ ਕੀਤੀ ਗਈ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com



ਹਿੰਦੋਸਤਾਨ ਨੂੰ ਅੰਗਰੇਜ ਰਾਜ ਤੋਂ ਅਜਾਦ ਕਰਾਉਣ ਲਈ ਸਾਰੇ ਹਿੰਦੋਸਤਾਨ (ਭਾਰਤ) ਦੇ ਮਹਾਨ ਕ੍ਰਾਂਤੀਕਾਰੀਆਂ ਨੇ ਹਿੱਸਾ ਲਿਆ ,ਗਿਣਤੀ ਕੀਤੀ ਜਾਵੇ ਤਾਂ ਪੰਜਾਬੀ ਵੱਧ ਸਨ ਜਿੰਨ੍ਹਾ ਨੂੰ ਯਾਦ ਕਰਨਾ ਹਰ ਇੱਕ ਦਾ ਇੰਨਸਾਨੀ ਫ਼ਰਜ਼ ਹੈ।

ਅੰਗਰੇਜ ਰਾਜ ਤੋਂ ਪਹਿਲਾਂ ਹਿੰਦੋਸਤਾਨ ਉਪਰ ਮੁਗਲਾਂ ਦਾ ਕਬਜਾ ਸੀ ਜਿੰਨ੍ਹਾ ਤੋਂ ਨਿਜ਼ਾਤ ਪਾਉਣ ਲਈ ਵੀ ਪੰਜਾਬੀ ਯੋਧਿਆਂ ਨੇ ਹਿੱਸਾ ਪਾਇਆ । ਪੰਜਾਬੀ ਵਿਰਸਾ ਬੜਾ ਹੀ ਮਾਣਮੱਤਾ ਹੈ ।ਸਿੱਖ ਸ਼ਹੀਦ ਸਾਡੇ ਗੁਰੂਆਂ ਦੇ ਫ਼ਲਸਫ਼ੇ ਦਾ ਮਾਣ ਵੀ ਹਨ ,ਜੋ ਹੱਕ ਸੱਚ ਦੀ ਲੜਾਈ 'ਚ ਜਾਨ ਦੇਣ ਤੋਂ ਨਹੀਂ ਘਬਰਾਏ।

26 ਜਨਵਰੀ ਇਤਿਹਾਸ ਦੇ ਪੰਨ੍ਹਿਆਂ 'ਤੇ ਬੜਾ ਹੀ ਮਾਣਮੱਤਾ ਦਿਨ ਹੈ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਹੈ ਜੋ ਸਿੱਖ ਇਤਿਹਾਸ ਦੇ ਯੋਧੇ ਜਰਨੈਲ ਸਨ।

26 ਜਨਵਰੀ ਨੂੰ ਅੰਗਰੇਜ ਰਾਜ ਤੋਂ ਬਾਅਦ ਸੰਨ 1951 ਨੂੰ ਰਾਸ਼ਟਰਪਤੀ ਰਜਿੰਦਰ ਪ੍ਰਸ਼ਾਦ ਦੀ ਅਗਵਾਈ 'ਚ ਦਿੱਲੀ ਸ਼ਹਿਰ ਵਿਖੇ ਪਰੇਡ ਕੱਢਕੇ ਪਹਿਲਾ ਗਣਤੰਤਰ ਦਿਵਸ ਮਨਾਇਆ ਸੀ। ਤੁਹਾਨੂੰ ਸਭ ਨੂੰ ਹਿੰਦੋਸਤਾਨ (ਭਾਰਤ) ਦੇ 71 ਵੇਂ ਗਣਤੰਤਰ ਦਿਵਸ ਦੀਆਂ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦੇਂਦੇ ਹਾਂ।

**ਵਲੋਂ:-**

**ਇੰਡੋ ਅਮੈਰੀਕਨ ਹੈਰੀਟੇਜ ਫ਼ਊਂਡੇਸ਼ਨ ਨਿਊਯਾਰਕ**



## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਟਅ 11 ਇੰਚ, ਸੋਹਣਾ ਸੁਨੱਖਾ, ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਟ ਕਰਨ ਵਿਚ ਮਦਦ ਕਰੇਗਾ। ਲੜਕਾ ਫਰਵਰੀ ਵਿਚ 1 ਮਹੀਨੇ ਲਈ ਪੰਜਾਬ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 559-355-4065 ਇੰਡੀਆ- 91-94655-06499

## ਵਰ ਦੀ ਲੋੜ

Suitable Gur Sikh family seeking match for our beautiful, slim and very smart girl, 35 years, 5 feet 4 inch currently working as a Doctor Dentist, looking for similar qualification and qualities in life partner, No caste-bar, please serious enquiries only and
Call (916) 544-4368





# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਆਰੰਭ







**ਯੂਬਾ ਸਿਟੀ–** ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 9 ਫਰਵਰੀ 2020 ਨੂੰ ਸੰਸਾਰ ਭਰ ਵਿਚ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਇਸ ਸਬੰਧ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਤੋਂ ਪਹਿਲੀ ਵਾਰ ਪ੍ਰਭਾਤ ਫੇਰੀਆਂ 2 ਫਰਵਰੀ ਤੋਂ ਆਰੰਭ ਕੀਤੀਆਂ ਜਾ ਰਹੀਆਂ ਹਨ। ਸੰਗਤਾਂ ਵੱਲੋਂ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਇਸ ਸਬੰਧ ਵਿਚ ਗੁਰੂ ਘਰ ਦੇ ਪ੍ਰਬੰਧਕ (ਮੁੱਖ ਸੇਵਾਦਾਰ) ਸ. ਸ਼ਿੰਗਾਰਾ ਸਿੰਘ ਰੱਲੂ ਦੇ ਗ੍ਰਹਿ ਵਿਖੇ ਸੰਗਤਾਂ ਨੇ ਹਰਿ ਜੱਸ ਕੀਰਤਨ ਕੀਤਾ ਗਿਆ। ਉਪਰੰਤ ਗੁਰਮੁਖ ਪਰਿਵਾਰ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ। ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।




# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਰਬ ਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਹੋਈ

**ਨਿਊਆਰਕ (ਬੇ-ਏਰੀਆ) (ਬਿਊਰੋ)** ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਸਰਬ ਸੰਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ। ਜਿਹਨਾਂ ਵਿਚ ਸਰਵ ਸਮਤੀ ਨਾਲ ਸਰਵਸ੍ਰੀ ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਹਰਮੇਸ਼ ਲਾਲ ਮਦਾਰਾ (ਵਾਈਸ ਚੇਅਰਮੈਨ), ਅਜੈਬ ਸਿੰਘ ਸੁੰਡਾ (ਪ੍ਰਧਾਨ), ਕੁਲਵੰਤ ਸਿੰਘ ਸਿੱਧੂ (ਸੀਨੀਅਰ ਵਾਈਸ ਪ੍ਰਧਾਨ), ਰਾਮ ਲੁਭਾਇਆ (ਵਾਈਸ ਪ੍ਰਧਾਨ), ਸ਼ਿਵ ਸਿੱਧੂ (ਜਨਰਲ ਸਕੱਤਰ), ਅਮਨਦੀਪ ਸਿੰਘ (ਸਹਾਇਕ ਜਨਰਲ ਸਕੱਤਰ), ਤਰਲੋਚਨ ਸਿੰਘ ਬੱਧਣ (ਖਜਾਨਚੀ), ਸੋਹਣ ਲਾਲ ਝੱਲੀ (ਸਹਾਇਕ ਖਜਾਨਚੀ) ਅਤੇ ਸੁਰਿੰਦਰ ਸੋਨੀ (ਆਡੀਟਰ) ਚੁਣੇ ਗਏ।












# ਭੀਮ ਇੰਟਰਨੈਸ਼ਨਲ ਯੂ.ਐਸ.ਏ. ਨੇ ਮਨਾਇਆ ਭਾਰਤੀ ਗਣਤੰਤਰ ਦਿਵਸ

ਭੀਮ ਇੰਟਰਨੈਸ਼ਨਲ ਯੂ. ਐਸ. ਏ. ਨੇ 26 ਜਨਵਰੀ ਨੂੰ ਨਿਊਆਰਕ ਕਮਿਊਨਿਟੀ ਸੈਂਟਰ ਨਿਊਆਰਕ (ਕੈਲੇਫੋਰਨੀਆ) ਵਿਖੇ ਭਾਰਤ ਦਾ 71ਵਾਂ ਰਿਪਬਲਿਕ ਦਿਹਾੜਾ ਬਹੁਤ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਭੀਮ ਇੰਟਰਨੈਸ਼ਨਲ ਯੂ. ਐਸ. ਏ. ਦੇ ਮੈਂਬਰ ਸਾਹਿਬਾਨ ਨੇ ਆਪੋ-ਆਪਣੇ ਵਿਚਾਰ ਰੱਖਦਿਆਂ ਭਾਰਤ ਦੇ ਲੋਕਤੰਤਰ ਨੂੰ ਮਜ਼ਬੂਤੀ ਦੇਣ ਵਾਲੇ ਸੰਵਿਧਾਨ ਨੂੰ ਸਲਾਹੁੰਦਿਆਂ, ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਇਸ ਮਹਾਨ ਉਪਕਾਰ ਨੂੰ ਕਦੇ ਨਾ ਭੁਲਾਇਆ ਜਾਣ ਵਾਲਾ ਦੱਸਦਿਆਂ ਕਿਹਾ ਕਿ ਹਰੇਕ ਭਾਰਤੀ ਨੂੰ ਭਾਰਤੀ ਸੰਵਿਧਾਨ ਤੇ ਮਾਣ ਹੋਣਾ ਚਾਹੀਦਾ ਹੈ, ਜਿਸ ਦੀ ਬਦੌਲਤ ਭਾਰਤ ਅੱਜ ਵੀ ਦੁਨੀਆਂ ਦੇ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ। ਬੇਸ਼ੱਕ ਭਾਰਤ ਅੰਦਰੂਨੀ ਸੰਵਿਧਾਨ ਵਿਰੋਧੀ ਤਾਕਤਾਂ ਇਸ ਦੀ ਤੋੜ-ਮਰੋੜ ਜਾਂ ਖਤਮ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ 'ਚ ਜੁਟੀਆਂ ਹੋਈਆਂ ਹਨ ਪਰ ਸੱਚੇ ਭਾਰਤ ਵਾਸੀਆਂ ਦੇ ਦਿਲਾਂ ਵਿਚ ਭਾਰਤੀ ਸੰਵਿਧਾਨ 'ਚ ਪੂਰਨ ਵਿਸ਼ਵਾਸ ਹੈ ਤੇ ਉਹ ਭਾਰਤੀ ਸੰਵਿਧਾਨ ਨੂੰ ਆਂਚ ਨਹੀਂ ਆਉਣ ਦੇਣਗੇ। ਭੀਮ ਇੰਟਰਨੈਸ਼ਨਲ ਯੂ. ਐਸ. ਏ. ਦੇ ਫਾਊਂਡਰ ਮੈਂਬਰ ਸ੍ਰੀ ਵਿਨੋਦ ਚੁੰਬਰ ਨੇ ਕਿਹਾ ਕਿ ਭਾਰਤੀ ਸੰਵਿਧਾਨ ਤੇ ਪਹਿਰਾ ਦੇਣਾ, ਸਾਡਾ ਸਾਰਿਆਂ ਦਾ ਇਖਲਾਕੀ ਫਰਜ਼ ਹੈ, ਜੇਕਰ ਮੌਜੂਦਾ ਸੰਵਿਧਾਨ ਸੁਰੱਖਿਅਤ ਹੈ ਤਾਂ ਭਾਰਤ ਵਾਸੀ ਸੁਰੱਖਿਅਤ ਹਨ।




ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ?

Your Honest and Experienced REALTOR



Buying or Selling a Home?
Work With an Agent You Can Trust!

John Singh Banga
(916) 271-5404
Banga.Realtor@gmail.com
Visit My Website:
www.banga.bhhser.com
7412 Elsie Ave.
Sacramento, CA 95828

BERKSHIRE HATHAWAY HomeServices
FOR OVER 15 YEARS A TOP PRODUCER
REALTOR®
EQUAL HOUSING OPPORTUNITY

CALBRE #01397975

PURCHASE OR REFINANCE

Low rates and special California loan programs may be able to help you purchase a new home or lower your rate on your existing home. Call me today to see how affordable it can be.




FIRST TIME BUYER? CALL ME TO GET STARTED ON THE PATH TO HOME OWNERSHIP.

| DOWN PAYMENT ASSISTANCE | FHA | REFINANCE | CONV | & MORE |
|---|---|---|---|---|

AKASH BANGA
Loan Originator - NMLS #1868842
(916) 705-7837 | abanga@rhloans.com

TOP 25 MORTGAGE LENDER IN SACRAMENTO - 2018 REPORT
SACRAMENTO BUSINESS JOURNAL
EQUAL HOUSING LENDER

Residential Home Loans, a division of Cherry Creek Mortgage Company is not endorsed by, nor acting on behalf of, or at the direction of, the U.S. Department of Housing and Urban Development, Federal Housing Administration, the Veterans Administration, the U.S. Department of A griculture, Fannie Mae, Freddie Mac or the federal government or any state housing agency. This material is informational only. This is not an advertisement to extend credit as defined by Regulation Z, nor an application for credit as defined by RESPA/Regulation X. All applications are subject to underwriting guidelines and approval based upon the credit, assets, value of subject property and borrower's ability to repay. Not all applicants are eligible for or qualify for all loan products offered. All loan programs, terms, and conditions are subject to change without notice. Effective date 8/23/2018. Cherry Creek Mortgage Co., Inc. NMLS #3001 dba Residential Home Loans. Licensed by the Department of Business Oversight under the California Residential Mortgage Lending Act . License #4130289. 5751 Sunrise Blvd., Citrus Heights CA 95610




ਕੌਮ ਦੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ, ਯੂ. ਐਸ. ਏ. ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ




ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਯੂ. ਐਸ. ਏ. ਦੇ ਮੈਂਬਰ ਅਤੇ ਸੇਵਾਦਾਰ

# ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਯੂ.ਐਸ.ਏ.

# ਮਨੁੱਖੀ ਅਧਿਕਾਰਾਂ ਲਈ ਸੰਵਿਧਾਨ ਨੂੰ ਬਚਾਉਣਾ ਅਤਿ ਜਰੂਰੀ










**ਜਲੰਧਰ –**: 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਜਲੰਧਰ ਵਿਖੇ 'ਗਣਤੰਤਰ ਅਤੇ ਮਨੁੱਖੀ ਅਧਿਕਾਰ' ਵਿਸ਼ੇ ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ. ਗੋਸ਼ਟੀ ਵਿਚ ਐਡਵੋਕੇਟ ਹਰਭਜਨ ਸਾਂਪਲਾ ਮੁਖ ਬੁਲਾਰੇ ਵਜੋਂ ਸ਼ਾਮਲ ਹੋਏ। ਐਡਵੋਕੇਟ ਕੁਲਦੀਪ ਭੱਟੀ ਨੇ ਐਡਵੋਕੇਟ ਸਾਂਪਲਾ ਬਾਰੇ ਜਾਣਕਾਰੀ ਕਰਾਈ। ਸਾਂਪਲਾ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਜਿੱਥੇ ਰਾਜਭਾਗ ਜਾਂ ਸਰਕਾਰ ਨੂੰ ਚਲਾਉਣ ਦੀ ਸਾਰੀ ਸ਼ਕਤੀ ਲੋਕਾਂ ਕੋਲ ਹੋਵੇ ਉਸਨੂੰ ਗਣਤੰਤਰ ਕਹਿੰਦੇ ਹਨ. ਲੋਕਤੰਤਰੀ ਗਣਰਾਜ ਤੋਂ ਭਾਵ ਉਸ ਰਾਜ ਤੋਂ ਹੈ ਜਿਸ ਵਿਚ ਰਾਜ ਦੀ ਸ਼ਕਤੀ ਲੋਕਾਂ ਦੇ ਹੱਥਾਂ ਵਿਚ ਹੁੰਦੀ ਹੈ ਅਤੇ ਉਨ੍ਹਾਂ ਨੂੰ ਸਮਾਨ ਅਧਿਕਾਰ ਪ੍ਰਾਪਤ ਹੁੰਦੇ ਹਨ। ਨਾਗਰਿਕ ਚੋਣਾਂ ਦੁਆਰਾ ਆਪਣੇ ਪ੍ਰਤੀਨਿਧੀ ਆਪ ਚੁਣਦੇ ਹਨ ਜਿਹੜੇ ਉਨ੍ਹਾਂ ਤੇ ਰਾਜ ਕਰਦੇ ਹਨ ਅਤੇ ਲੋਕਾਂ ਨੂੰ ਜਾਬਾਵਦੇਹ ਹੁੰਦੇ ਹਨ। ਜਦ 26 ਜਨਵਰੀ 1950 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ ਲਿਖਿਆ ਸੰਵਿਧਾਨ ਲਾਗੂ ਹੋ ਗਿਆ ਸੀ ਤਾਂ ਸਾਡਾ ਦੇਸ਼ ਭਾਰਤ ਗਣਰਾਜ ਬਣ ਗਿਆ ਸੀ।

ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਵਿਅਕਤੀ ਨੂੰ ਆਪਣਾ ਵਿਕਾਸ ਕਰਨ ਲਈ ਰਾਜ ਵੱਲੋਂ ਕੁਝ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਇਨ੍ਹਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ। ਉਨ੍ਹਾਂ ਨੇ ਸੰਵਿਧਾਨ ਦੇ ਲੇਖਾਂ ਦੇ ਵੇਰਵੇ ਦੇ ਕੇ ਬਰਾਬਰੀ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਸ਼ੋਸ਼ਣ ਦੇ ਵਿਰੁੱਧ ਅਧਿਕਾਰ, ਧਰਮ ਦੀ ਆਜ਼ਾਦੀ ਦਾ ਅਧਿਕਾਰ, ਸਭਿਆਚਾਰਕ ਤੇ ਵਿਦਿਅਕ ਅਧਿਕਾਰ ਅਤੇ ਸੰਵਿਧਾਨਕ ਉਪਚਾਰਾਂ ਦਾ ਅਧਿਕਾਰ 'ਤੇ ਵਿਸ਼ਥਾਰ ਨਾਲ ਜਾਣਕਾਰੀ ਪ੍ਰਦਾਨ ਕੀਤੀ ਅਤੇ ਕਿਹਾ ਕਿ ਇਨ੍ਹਾਂ ਅਧਿਕਾਰਾਂ ਨੂੰ ਹੀ ਮਨੁੱਖੀ ਅਧਿਕਾਰ ਕਿਹਾ ਜਾਂਦਾ ਹੈ ਜਿਨ੍ਹਾਂ ਨਾਲ ਮਨੁਖਾਂ ਦਾ ਵਿਕਾਸ ਹੁੰਦਾ ਹੈ। ਸਾਂਪਲਾ ਜੀ ਨੇ ਇਹ ਵੀ ਕਿਹਾ ਕਿ ਭਾਰਤ ਦੇ ਲੋਕਾਂ ਨੂੰ ਆਜ਼ਾਦੀ ਸਮੇਤ ਸਾਰੇ ਅਧਿਕਾਰ ਪ੍ਰਾਪਤ ਹਨ ਜੋ ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤ ਦੇ ਸੰਵਿਧਾਨ 'ਚ ਲਿਖ ਦਿੱਤੇ ਹਨ।

ਉਨ੍ਹਾਂ ਦੀ ਪ੍ਰਾਪਤੀ ਲਈ ਸਾਨੂੰ ਸੰਘਰਸ਼ਸ਼ੀਲ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਸ਼ਰੋਤਿਆਂ ਦੇ ਸਵਾਲਾਂ ਦੇ ਜਬਾਵ ਤਸੱਲੀਬਖ਼ਸ਼ ਦਿੱਤੇ। ਇੱਕ ਸਵਾਲ ਦੇ ਜਬਾਵ ਵਿਚ ਉਨ੍ਹਾਂ ਨੇ ਦੱਸਿਆ ਕਿ ਸਾਡੇ ਦੇਸ਼ ਦਾ ਨਾਮ ਸੰਵਿਧਾਨ ਦੇ ਅਨੁਸਾਰ ਭਾਰਤ/ ਇੰਡੀਆ ਹੈ ਨਾ ਕਿ ਹਿੰਦੋਸਤਾਨ. ਸੋਸਾਇਟੀ ਵੱਲੋਂ ਲੋਈ ਦੇ ਕੇ ਐਡਵੋਕੇਟ ਹਰਭਜਨ ਸਾਂਪਲਾ ਦਾ ਸਨਮਾਨ ਕੀਤਾ ਗਿਆ। ਵਿਚਾਰ ਗੋਸ਼ਟੀ ਸਮਾਗਮ ਦੀ ਪ੍ਰਧਾਨਗੀ ਸੀਨੀਅਰ ਸਾਥੀ ਜਸਵਿੰਦਰ ਵਰਿਆਣਾ ਨੇ ਕੀਤੀ।

ਸਟੇਜ ਸੰਚਾਲਨ ਐਡਵੋਕੇਟ ਕੁਲਦੀਪ ਭੱਟੀ ਨੇ ਬਾਖੂਬੀ ਕੀਤਾ. ਇਸ ਮੌਕੇ ਵਰਿੰਦਰ ਕੁਮਾਰ, ਬਲਦੇਵ ਰਾਜ ਭਾਰਦਵਾਜ, ਤਿਲਕ ਰਾਜ, ਚਮਨ ਦਾਸ ਸਾਂਪਲਾ, ਰਾਮ ਲਾਲ ਦਾਸ, ਹਰਮੇਸ਼ ਜੱਸਲ, ਨਿਰਮਲ ਬੇਇੰਜੀ, ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਜੀਵਨ ਸਹੋਤਾ, ਰੂਪ ਲਾਲ ਮਿੱਠਾਪੁਰ, ਬੀ ਸੀ ਗਿੱਲ, ਮਲਕੀਤ ਸਿੰਘ, ਅਜੀਤ ਮਸਾਣੀ, ਰੂਪ ਲਾਲ ਨੰਬਰਦਾਰ, ਰਣਵੀਰ ਭੱਟੀ, ਐਡਵੋਕੇਟ ਮੋਹਨ ਲਾਲ ਫਿਲੌਰੀਆ, ਐਡਵੋਕੇਟ ਰਾਜਿੰਦਰ ਆਜ਼ਾਦ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ. ਇਹ ਜਾਣਕਾਰੀ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਸੁਖਦੇਵ ਸਿੰਘ ਢੀਂਡਸਾ ਨੇ ਮਾਤਾ ਨਛੱਤਰ ਕੌਰ ਦੀ ਮੌਤ ਤੇ ਜਰਖੜ ਪਰਿਵਾਰ ਦੇ ਨਾਲ ਦੁੱਖ ਸਾਂਝਾ ਕੀਤਾ





**ਲੁਧਿਆਣਾ–** ਉੱਘੇ ਖੇਡ ਲੇਖਕ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਹੋਰਾਂ ਦੇ ਮਾਤਾ ਨਛੱਤਰ ਕੌਰ ਜਰਖੜ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੀ ਮੌਤ ਤੇ ਸਾਬਕਾ ਕੇਂਦਰੀ ਖੇਡ ਮੰਤਰੀ ਅਤੇ ਮੈਂਬਰ ਰਾਜ ਸਭਾ ਸਰਦਾਰ ਸੁਖਦੇਵ ਸਿੰਘ ਢੀਂਡਸਾ ਹੋਰਾਂ ਨੇ ਉਨ੍ਹਾਂ ਦੇ ਗ੍ਰਹਿ ਪਿੰਡ ਜਰਖੜ ਵਿਖੇ ਆ ਕੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕੀਤਾ।

ਇਸ ਮੌਕੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਕਿ ਮਾਤਾ ਨਛੱਤਰ ਕੌਰ ਨੇ ਜਿੱਥੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ ਪੋਸ਼ਣ ਕਰਕੇ ਬੱਚਿਆਂ ਨੂੰ ਉੱਚ ਮੁਕਾਮ ਤੇ ਪਹੁੰਚਾਇਆ ਉੱਥੇ ਸਮਾਜ ਪ੍ਰਤੀ ਖਾਸ ਕਰਕੇ ਖੇਡਾਂ ਪ੍ਰਤੀ ਬੱਚਿਆਂ ਨੂੰ ਪ੍ਰੇਰਿਤ ਕੀਤਾ।ਅੱਜ ਪਿੰਡ ਜਰਖੜ ਨੇ ਖੇਡਾਂ ਦੇ ਖੇਤਰ ਵਿੱਚ ਜੋ ਵੀ ਵੱਡਾ ਨਾਮਣਾ ਖੱਟਿਆ ਹੈ ਉਸ ਵਿੱਚ ਮਾਤਾ ਨਛੱਤਰ ਕੌਰ ਦੇ ਪਰਿਵਾਰ ਦਾ ਵੱਡਾ ਯੋਗਦਾਨ ਹੈ ਉਨ੍ਹਾਂ ਆਖਿਆ ਕਿ ਮਾਪਿਆਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੁੰਦੀ ਉਨ੍ਹਾਂ ਇਸ ਦੁੱਖ ਦੀ ਘੜੀ ਜਰਖੜ ਪਰਿਵਾਰ ਪ੍ਰਤੀ ਆਪਣੀ ਹਮਦਰਦੀ ਜਿਤਾਈ। ਸਰਦਾਰ ਢੀਂਡਸਾ ਨੇ ਮਾਤਾ ਨਛੱਤਰ ਕੌਰ ਦੀ ਯਾਦ ਵਿੱਚ ਜਰਖੜ ਖੇਡ ਸਟੇਡੀਅਮ ਵਾਸਤੇ ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਭਰੋਸਾ ਦਿੱਤਾ। ਇਸ ਮੌਕੇ ਸਰਦਾਰ ਢੀਂਡਸਾ ਸਾਬ ਦੇ ਰਾਜਸੀ ਸਕੱਤਰ ਜਸਵਿੰਦਰ ਸਿੰਘ, ਹਰਪਾਲ ਸਿੰਘ,ਸੁਖਦੇਵ ਸਿੰਘ ਚੱਕ ਕਲਾਂ ਤੋਂ ਇਲਾਵਾ ਸਰਪੰਚ ਜਗਦੀਪ ਸਿੰਘ ਕਾਲਾ ਘਵੱਦੀ, ਡਾ: ਜਗਜੀਤ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ , ਜਗਦੇਵ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ ਮਨਜਿੰਦਰ ਸਿੰਘ ਇਆਲੀ, ਮਨਦੀਪ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ, ਸੁਖਬੀਰ ਸਿੰਘ ਸੁੱਖੀ ਕੈਨੇਡਾ, ਦਲਬੀਰ ਸਿੰਘ ਜਰਖੜ ਆਦਿ ਤੋਂ ਇਲਾਵਾ ਜਰਖੜ ਪਰਿਵਾਰ ਦੇ ਮੈਂਬਰ ਅਤੇ ਰਿਸ਼ਤੇਦਾਰ ਹਾਜ਼ਰ ਸਨ

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376



## ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਮਹਾਨ ਜੀਵਨ ਫਲਸਫ਼ਾ

# ਐਸਾ ਚਾਹੂੰ ਰਾਜ ਮੈਂ...





ਸੰਤੋਖ ਸਿੰਘ ਜੱਸੀ
(91-70876-19800)

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਨਮ (ਆਗਮਨ ਪੁਰਬ) ਸਾਲ 1377 ਈਸਵੀ ਨੂੰ ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.) ਵਿਖੇ ਮਾਤਾ ਕਲਸਾ ਦੇਵੀ ਦੀ ਕੁੱਖੋਂ ਪਿਤਾ ਸ਼੍ਰੀ ਸੰਤੋਖ ਦਾਸ ਜੀ, ਦਾਦਾ ਸ਼੍ਰੀ ਕਾਲਾ ਰਾਮ ਜੀ, ਦਾਦੀ ਸ਼੍ਰੀਮਤੀ ਲੱਖਪਤੀ ਜੀ ਦੇ ਗ੍ਰਹਿ ਵਿੱਖੇ ਹੋਇਆ। ਉਹਨਾ ਦੀ ਸ਼ਾਦੀ ਬੀਬੀ ਲੋਨਾ ਜੀ ਨਾਲ ਹੋਈ ਅਤੇ ਉਹਨਾ ਦੇ ਘਰ ਵਿਜੇ ਦਾਸ ਨਾਮੀ ਬਾਲਕ ਨੇ ਜਨਮ ਲਿਆ। ਗੁਰੂ ਜੀ 1528 ਈਸਵੀ ਨੂੰ ਜੋਤੀ-ਜੋਤ ਸਮਾ ਗਏ।

ਜਿਸ ਸਮੇਂ ਗੁਰੂ ਜੀ ਦਾ ਜਨਮ ਹੋਇਆ, ਉਸ ਸਮੇ ਜਾਤ-ਪਾਤ, ਊਚ-ਨੀਚ, ਕਰਮ-ਕਾਂਡ, ਧਾਰਮਿਕ ਕੱਟੜਤਾ ਦਾ ਭਰਪੂਰ ਬੋਲਬਾਲਾ ਸੀ। ਇਕ ਪਾਸੇ ਲੋਕ ਵਿਦੇਸ਼ੀ ਹਾਕਮਾਂ (ਮੁਸਲਮਾਨਾਂ) ਦੀ ਗੁਲਾਮੀ ਝੱਲ ਰਹੇ ਸਨ, ਦੂਜੇ ਪਾਸੇ ਬ੍ਰਾਹਮਣਵਾਦੀ/ਮਨੂੰਵਾਦੀ ਵਿਚਾਰਧਾਰਾ ਨੇ ਅਖੌਤੀ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਵਰਗ ਬਣਾ ਕੇ ਅਖੌਤੀ ਛੂਆ-ਛਾਤ (ਨੀਵੀਆਂ ਜਾਤਾਂ ਛਙ,ਛਓ,+ਨਙ) ਨੂੰ ਉਹਨਾਂ ਦੇ ਧਾਰਮਿਕ, ਸਮਾਜਿਕ, ਰਾਜਸੀ ਅਤੇ ਮਨੁੱਖੀ ਹੱਕਾਂ ਤੋਂ ਵਰਜਿਤ ਕੀਤਾ ਹੋਇਆ ਸੀ। ਅਛੂਤਾਂ ਦੀ ਮਾੜੀ ਹਾਲਤ ਬਾਰੇ ਇਹ ਪ੍ਰਚਾਰਿਆ ਗਿਆ ਕਿ ਤੁਹਾਡੀ ਹਾਲਤ ਤੁਹਾਡੇ ਪਿਛਲੇ ਜਨਮਾਂ ਦੇ ਪਾਪਾਂ ਕਰਕੇ ਹੈ।

ਸਦੀਆਂ ਤੱਕ ਚੱਲੀ ਮਨੂੰਸਿਮਰਤੀ ਦਾ ਬ੍ਰਾਹਮਣਵਾਦ ਨੇ ਫਾਇਦਾ ਲੈ ਕੇ ਜਿੰਦਗੀ ਦੇ ਸਾਰੇ ਰਾਹਾਂ/ਹੱਕਾਂ 'ਤੇ ਆਪਣੇ ਹੱਕ ਰਾਖਵੇਂ ਕੀਤੇ ਹੋਏ ਸਨ। ਕੋਈ ਸ਼ੂਦਰ, ਅਛੂਤ ਰੱਬ ਦਾ ਨਾਮ/ਗਿਆਨ ਨਹੀਂ ਲੈ ਸਕਦਾ ਸੀ, ਨਾ ਹੀ ਸੁਣ ਸਕਦਾ ਸੀ। ਫਿਰ ਸ਼ੂਦਰਾਂ ਨੂੰ ਮਰੇ ਹੋਏ ਪਸ਼ੂਆਂ ਨੂੰ ਚੁੱਕਣਾ-ਖਾਣਾ ਅਤੇ ਹਰ ਪਲ ਬੇਇੱਜ਼ਤ, ਬੇਵੱਸ ਤੇ ਜਹਾਲਤ ਭਰੀ ਜਿੰਦਗੀ ਬਤੀਤ/ਕੱਟਣ ਲਈ ਮਜਬੂਰ ਕੀਤਾ ਹੋਇਆ ਸੀ।

ਇਸ ਦੌਰਾਨ ਗੁਰੂ ਸਾਹਿਬ ਨੇ ਚੱਲ ਰਹੀ ਬ੍ਰਾਹਮਣਵਾਦੀ/ਮਨੂੰਵਾਦੀ ਪੂਰਨ ਤੌਰ 'ਤੇ ਗੈਰ-ਬਰਾਬਰੀ ਤੇ ਗੈਰ-ਮਾਨਵੀ ਵਿਵਸਥਾ ਖਿਲਾਫ ਇਸ ਵਿਰੁੱਧ ਬਗਾਵਤ ਕਰ ਦਿੱਤੀ ਤੇ ਬਾਣੀ ਉਚਾਰੀ ਕਿ:-

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ ॥
ਛੋਟ ਬੜੇ ਸਭ ਸਮ ਵਸੈ, ਰਵਿਦਾਸ ਰਹੈ ਪ੍ਰਸੰਨ ॥
ਅਤੇ
ਬੇਗਮਪੁਰਾ ਸਹਰ ਕੋ ਨਾਉ ॥ ਦੂਖ ਅੰਦੋਹ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲ।ਖਉਫੁ ਨਾ ਖਤਾ ਨ ਤਰਸ ਜਵਾਲ॥
ਅੱਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ॥ ੧ ॥ (ਰਹਾਉ ॥
ਕਾਇਮ ਦਾਇਮ ਸਦਾ ਪਾਤਿਸਾਹੀ ॥ ਦੋਮ ਨ ਸੋਮ ਏਕ ਸੋ ਆਹੀ॥
ਆਬਾਦਾਨ ਸਦਾ ਮਸ਼ਹੂਰ ॥ ਉਨਾਂ ਗਨੀ ਬਸਹਿ ਮਾਮੂਰ॥ ੧॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਰ ਸਹਰੀ ਸੁ ਮੀਤ ਹਮਾਰ। ੩॥੨॥

ਭਾਵ ਕਿ ਸਮਾਜ ਵਿੱਚ ਅਜਿਹੀ ਵਿਵਸਥਾ ਹੋਣੀ ਚਾਹੀਦੀ ਹੈ ਜਿੱਥੇ ਸਭ ਨੂੰ ਰੋਟੀ, ਕੱਪੜਾ, ਮਕਾਨ ਮਿਲੇ। ਛੋਟੇ ਤੇ ਵੱਡੇ ਲੋਕ ਮਿਲ ਕੇ ਬਰਾਬਰ ਹੋਣ ਤਾਂ ਹੀ ਉਹ ਖੁਸ਼ ਪ੍ਰਸੰਨ ਹੋ ਸਕਦੇ ਹਨ।

ਇਹੀ ਮਹਾਨ ਸੋਚ ਅੱਜ ਭਾਰਤ ਤੇ ਦੁਨੀਆ ਪੱਧਰ 'ਤੇ ਵਿਚਾਰੀ ਜਾਵੇ ਕਿ ਐਨੀਆਂ ਸਦੀਆਂ ਬੀਤਣ ਦੇ ਬਾਅਦ ਵੀ ਦੁਨੀਆਂ ਮੰਨਦੀ ਹੈ। ਸਮਤਾ ਸਮਾਨਤਾ, ਅਜਾਦੀ ਬਰਾਬਰੀ ਤੇ ਭਾਈਚਾਰੇ ਵਾਲਾ ਵਾਤਾਵਰਨ ਹਰ ਮਨੁੱਖ ਲਈ ਜਰੂਰੀ ਹੈ। ਇਹ ਜਾਤ-ਪਾਤ, ਨਸਲ, ਭਾਸ਼ਾ, ਪ੍ਰਾਂਤਵਾਦ, ਪੈਦਾਇਸ਼ ਦੇ ਆਧਾਰ 'ਤੇ ਬੰਦ ਹੋਣੀ ਚਾਹੀਦੀ ਹੈ। ਇਸੇ ਕਾਰਨ ਅੱਜ ਕਾਨੂੰਨੀ ਤੌਰ 'ਤੇ ਸੰਵਿਧਾਨ 'ਚ ਸਭ ਹੱਕ ਬਰਾਬਰ ਕੀਤੇ ਹੋਏ ਹਨ। ਜਿਸ ਦਾ ਭਾਵ ਅਰਥ ਹੈ ਕਿ ਗੁਰੂ ਜੀ ਦੇ ਬੇਗਮਪੁਰਾ (ਬੇਗਮ ਇੱਕ ਫਾਰਸੀ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਚਿੰਤਾ (ਟੈਨਸ਼ਨ) ਦੁੱਖ ਤੇ ਗਮ ਦਾ ਨਾ ਹੋਣਾ) ਵਰਗਾ ਸਮਾਜ ਚਾਹੁੰਦੇ ਸਨ ਜਿਸ ਵਿੱਚ ਟੈਕਸ (ਜੰਜੂਆ ਟੈਕਸ ਪਹਿਲਾ ਲੱਗ ਰਿਹਾ) ਨਾ ਕੋਈ ਵੈਰ ਭਾਵ ਹੋਵੇ। ਨਾ ਕੋਈ ਗਲਤੀ ਹੋਵੇਗੀ, ਨਾ ਕਿਸੇ ਦਾ ਸਵੈ-ਮਾਣ ਢਹਿੰਦੀ ਕਲਾ ਵਿੱਚ ਜਾਵੇਗਾ। ਉਸ ਸਮਾਜ ਵਿੱਚ ਇੱਕ ਹੀ ਪਾਤਸ਼ਾਹੀ ਹੋਵੇਗੀ, ਕਿਸੇ ਦੂਜੀ-ਤੀਜੀ ਦਾ ਕੋਈ ਲੈਣਾ ਦੇਣਾ ਨਹੀਂ ਹੋਵੇਗਾ। ਬਿਨ੍ਹਾਂ ਕਿਸੇ ਵਰਣ ਜਾਂ ਜਾਤੀ ਵਿਵਕਰੇ ਦੇ ਘੁੰਮਣ-ਫਿਰਨ ਦਾ ਅਧਿਕਾਰ ਹੋਵੇ। ਇਸ ਪ੍ਰਕਾਰ ਦੇ ਜਿਹੜੇ ਵਿਚਾਰ/ਸੋਚ ਰੱਖਦੇ ਹਨ, ਉਹ ਮੇਰੇ ਪਿੱਤਰ ਹਨ, ਮੈਨੂੰ ਮੰਨਣ ਵਾਲੇ ਹਨ।

ਪ੍ਰਮਾਤਮਾ ਦੇ ਭਗਤ ਤੇ ਕੌਮ ਦੇ ਗੁਰੂ

ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਸੀਰ ਗੋਵਰਧਨ ਪੁਰ, ਬਨਾਰਸ (ਉੱਤਰ ਪ੍ਰਦੇਸ਼) ਵਿਖੇ ਵਿਸ਼ੇਸ਼ ਮੰਦਰ 1964 ਈਸਵੀ ਵਿੱਚ ਵੀ ਡੇਰਾ ਬੱਲਾ ਵਾਲੇ ਮਹਾਨ ਸੰਤਾਂ ਨੇ ਉਸਾਰਨਾ ਸ਼ੁਰੂ ਕੀਤਾ। ਹਰ ਸਾਲ ਲੱਖਾਂ ਲੋਕ ਗੁਰੂ ਸਾਹਿਬ ਦੇ ਦਰਸ਼ਨ ਲਈ ਆਪਣੇ-ਆਪਣੇ ਸਾਧਨਾਂ 'ਤੇ ਬੇਗਮਪੁਰਾ ਐਕਸਪ੍ਰੈੱਸ ਰਾਹੀਂ ਦਰਸ਼ਨ ਕਰਕੇ ਸ਼ਤ-ਸ਼ਤ ਨਮਨ ਕਰਦੇ ਹਨ। ਇਸੇ ਸਥਾਨ ਪਾਸ 16 ਜੁਲਾਈ, 1998 ਨੂੰ ਭਾਰਤ ਦੇ ਉਸ ਵੇਲੇ ਦੇ ਰਾਸ਼ਟਰਪਤੀ ਮਾਣਯੋਗ ਕੇ. ਆਰ. ਨਾਰਾਇਣ ਨੇ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਕਹਿਣ 'ਤੇ ਸ਼੍ਰੀ ਗੁਰੂ ਰਵਿਦਾਸ ਯਾਦਗਾਰੀ ਗੇਟ ਦਾ ਉਦਘਾਟਨ ਕੀਤਾ।

ਗੁਰੂ ਜੀ ਨੇ ਯੂ.ਪੀ. ਤੋਂ ਇਲਾਵਾ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਮਹਾਂਰਾਸ਼ਟਰਾ, ਉੜੀਸਾ, ਹੈਦਰਾਬਾਦ, ਕਰਨਾਟਕ, ਬਿਗਰ, ਪਾਕਿਸਤਾਨ, ਅਫਗਾਨਿਸਤਾਨ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਯਾਤਰਾ ਕੀਤੀ। ਪੰਜਾਬ ਵਿੱਚ ਫਗਵਾੜਾ, ਸ਼੍ਰੀ ਖੁਰਾਲਗੜ੍ਹ ਸਾਹਿਬ, ਲੁਧਿਆਣਾ, ਸੁਲਤਾਨਪੁਰ ਲੋਧੀ, ਅੰਮ੍ਰਿਤਸਰ, ਪਠਾਨਕੋਟ ਵਿਖੇ ਆਪਣੀ ਬਾਣੀ ਉਚਾਰੀ ਅਤੇ ਵਿਚਾਰ ਗੋਸ਼ਟੀਆਂ ਕੀਤੀਆਂ।

ਕਈ ਇਤਿਹਾਸਕਾਰ ਗੁਰੂ ਨਾਨਕ ਦੇਵ ਨਾਲ ਗੁਰੂ ਰਵਿਦਾਸ ਜੀ ਦੀ ਮੁਲਾਕਾਤ ਨੂੰ ਵੀ ਮੰਨਦੇ ਹਨ। ਅੱਜ ਪੰਜਾਬ ਦੇ ਕਰੀਬਨ 33,000 ਗੁਰਦਵਾਰੇ 'ਤੇ ਵਿਦੇਸ਼ਾਂ 'ਚ ਕਰੀਬਨ 1800 ਗੁਰਦਵਾਰਿਆਂ ਅਤੇ ਸੰਸਥਾਵਾਂ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਵੇਰੇ-ਸ਼ਾਮ ਪੜ੍ਹੀ-ਸੁਣੀ ਜਾਂਦੀ ਹੈ, ਪੰਜਾਬ 'ਚ ਕਰੀਬਨ 275 ਡੇਰਿਆਂ 'ਚ 6 ਗੁਰੂ ਸਾਹਿਬਾਨਾਂ, ਭੱਟਾਂ, ਭਗਤਾਂ, ਗੁਰੂ ਪ੍ਰੇਮੀਆਂ ਦੀ ਬਾਣੀ ਸੁਣਦੇ-ਸਮਝਦੇ ਆ ਰਹੇ ਹਨ।

ਮਾਨਸ ਕੀ ਜਾਤਿ ਸਭੈ-ਏਕੇ ਪਹਿਚਾਨਬੋ ਜੋ ਸਿੱਖ ਧਰਮ ਦਾ ਮੂਲ ਹੈ, ਤਹਿਤ ਗੁਰੂ ਜੀ ਦੀ ਬਾਣੀ ਸ਼ਾਮਿਲ ਕਰਕੇ ਬਰਾਬਰਤਾ ਦਾ ਮਾਣ ਦਿੱਤਾ। ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਚਿਤੌੜ੍ਹ ਦੀ ਰਾਣੀ ਝਾਲਾ ਬਾਈ ਨੇ ਅਤੇ ਮੀਰਾ ਬਾਈ ਨੇ ਆਪਣਾ ਗੁਰੂ ਮੰਨਿਆ। ਉਹ ਕਰਾਮਾਤੀ ਨਹੀਂ ਕ੍ਰਾਂਤੀਕਾਰੀ ਸਨ।

ਗੁਰੂ ਅਰਜਨ ਦੇਵ ਜੀ ਗੁਰੂ ਰਵਿਦਾਸ ਜੀ ਬਾਰੇ ਲਿਖਦੇ ਹਨ ਕਿ:
ਰਵਿਦਾਸ ਢੁਵੰਤਾ ਢੋਰ ਨੀਤਿ, ਤਿਨ ਤਿਆਗੀ ਮਾਇਆ ।
ਪਰਗਟ ਹੋਆ ਸਾਧ ਸੰਗ, ਹਰਿ ਦਰਸ਼ਨ ਪਾਇਆ ॥
ਗੁਰੂ ਰਾਮਦਾਸ ਜੀ
ਰਵਿਦਾਸ ਚਮਾਰ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ ॥
ਕਬੀਰ ਸਾਹਿਬ
ਸਾਧਨ ਮੇਂ ਰਵਿਦਾਸ ਸੰਤ ਹੈ,
ਸੁਪਚ ਰਿਸ਼ੀ ਸੋ ਮਾਨਿਆ।
ਹਿੰਦੂ ਤੁਰਕ ਦੁਈ ਦੀਨ ਬਨੇ ਹੈ,
ਕਛੂ ਨਹੀਂ ਪਹਿਚਾਨਿਆ ॥
ਭੱਟ ਕਲਸਹਾਰ ਜੀ
ਗੁਣ ਗਾਵੈ ਰਵਿਦਾਸ ਭਗਤੁ ਜੈ ਦੇਵ ਤ੍ਰਿਲੋਚਨ।
ਨਾਮਾ ਭਗਤੁ ਕਬੀਰ ਸਦਾ ਗਾਵਹਿ ਸਮਲੋਚਨ।
ਭਾਈ ਗੁਰਦਾਸ ਜੀ
ਧੰਨਾ ਜਟੁ ਉਧਾਰਿਆ, ਸਧਨਾ ਜਾਤਿ ਅਜਾਤਿ ਕਸਾਈ।
ਜਨ ਰਵਿਦਾਸ ਚਮਾਰ ਹੋਇ, ਚਹੁ ਵਰਨਾ ਵਿਚ ਕਰਿ ਵਡਿਆਈ ।

ਸਦੀਆਂ ਤੋਂ ਚੱਲ ਰਹੀ ਬ੍ਰਾਹਮਣੀ ਵਿਵਸਥਾ 'ਤੇ ਕੀਤੇ ਹਰ ਖੇਤਰ 'ਚ ਰਾਖਵੇਂ ਅਧਿਕਾਰਾਂ ਨੂੰ ਰੱਦ ਕਰਦੇ ਹੋਏ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਰਾਹੀਂ ਸ਼੍ਰੀ ਗੁਰੂ ਰਵਿਦਾਸ, ਮਹਾਨ ਪੁਰਸ਼ਾਂ, ਗੁਰੂਆਂ ਤੇ ਦਾਰਸ਼ਨਿਕਾਂ ਤੇ ਖੁਦ ਪਿੰਡੇ 'ਤੇ ਝੱਲੇ ਜੁ ਖਿਲਾਫ ਆਜਾਦੀ ਬਰਾਬਰੀ ਤੇ ਭਾਈਚਾਰੇ ਵਾਲੀ ਲੋਕਤੰਤਰੀ ਵਿਵਸਥਾ ਲਈ ਹਮੇਸ਼ਾਂ ਲਈ ਵਿਵਸਥਾ ਕਰ ਦਿੱਤੀ ਕਿ ਹੁਣ ਕੋਈ ਜਾਤ-ਧਰਮ-ਭਾਸ਼ਾ-ਰੰਗ-ਨਸਲ ਜਨਮ ਦੇ ਅਧਾਰ 'ਤੇ ਕਿਸੇ ਨਾਲ ਕੋਈ ਵਿਵਹਾਰ/ਵਿਤਕਰਾ/ਵਰਤਾਓ ਨਹੀਂ ਕਰੇਗਾ। ਸਗੋਂ ਹਰ ਇੱਕ ਨਾਗਰਿਕ ਚਾਹੇ ਉਹ ਭਿਖਾਰੀ ਹੋਵੇ ਜਾਂ ਦੇਸ਼ ਦਾ ਰਾਜਾ ਹੋਵੇ ਹੱਕ ਸਭ ਦੇ ਬਰਾਬਰ ਹੋਣਗੇ। ਜੇਕਰ ਇਸ ਦੀ ਕੋਈ ਉਲੰਘਣਾ ਕਰੇਗਾ ਤਾਂ ਉਹ ਦੋਸ਼ੀ ਤੇ ਸਜਾ ਦਾ ਭਾਗੀਦਾਰ ਹੋਵੇਗਾ। ਬਾਬਾ ਸਾਹਿਬ ਨੇ ਆਪਣੀ ਪੁਸਤਕ ਅਛੂਤ ਕੌਣ ? ਸ਼੍ਰੀ ਗੁਰੂ ਰਵਿਦਾਸ ਜੀ ਨੂੰ ਭੇਂਟ ਕੀਤੀ ।

### ਗੁਰੂ ਰਵਿਦਾਸ ਜੀ ਪ੍ਰਤੀ ਬਣਦੀਆਂ ਸਾਡੀਆਂ ਜਿੰਮੇਵਾਰੀਆਂ

ਸਾਨੂੰ ਆਪਣੀਆਂ ਸਮਾਜਿਕ, ਧਾਰਮਿਕ, ਰਾਜਨੀ-ਤਿਕ, ਸੱਭਿਆਚਾਰਕ ਗਤੀਵਿਧੀਆਂ ਨੂੰ ਮੰਜਿਲ-ਏ-ਮਕਸੂਦ ਤੱਕ ਲੈ ਕੇ ਚੱਲੀਏ। ਗੁਰੂ ਰਵਿਦਾਸ ਜੀ ਨੇ ਜਿੱਥੇ ਆਪਣੀ ਸਮੁੱਚੀ ਬਾਣੀ ਨੂੰ ਇੱਕ ਪ੍ਰਮਾਤਮਾ, ਇੱਕ ਜੋਤ ਦੀ ਗੱਲ ਕੀਤੀ ਹੈ ਉੱਥੇ ਗੁਣਾ ਦੇ ਆਧਾਰ 'ਤੇ ਸਭ ਨੂੰ ਬਰਾਬਰ ਦੱਸਿਆ। ਉੱਥੇ ਅਜਿਹੇ "ਐਸਾ ਚਾਹੂੰ ਰਾਜ ਮੈਂ" ਦੀ ਇਤਿਹਾਸਿਕ ਗੱਲ 'ਤੇ ਮੰਗ ਕੀਤੀ। ਸਾਡਾ ਉਹਨਾਂ ਦਾ ਅਨੁਯਾਈ/ਪੈਰੋਕਾਰ ਹੋਣ ਦੇ ਆਧਾਰ 'ਤੇ ਫਰਜ਼ ਬਣਦਾ ਹੈ ਕਿ ਉਹਨਾਂ ਦੇ ਕਹੇ/ਦਰਸਾਏ ਮਾਰਗ 'ਤੇ ਚੱਲ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਅਜਿਹਾ ਕਰ ਜਾਈਏ ਕਿ ਜਦੋਂ ਇਤਿਹਾਸ ਲਿਖਿਆ ਜਾਵੇਗਾ ਕਿ 21ਵੀਂ ਸਦੀ ਦੇ ਪਹਿਲੇ ਸਾਲਾਂ 'ਚ ਗੁਰੂ ਜੀ ਦੇ ਪੈਰੋਕਾਰਾਂ ਨੇ ਸੱਚਮੁੱਚ ਆਪਣਾ ਰਾਜ ਦਿੱਲੀ/ਪੰਜਾਬ ਵਿੱਚ ਸਥਾਪਿਤ ਕਰਕੇ ਗੁਰੂ ਜੀ ਦੇ ਸੱਚੇ ਸ਼ਰਧਾਲੂ ਹੋਣ ਦਾ ਫਰਜ ਨਿਭਾਇਆ ਸੀ। ਸਮਾਂ ਮੰਗ ਕਰਦਾ ਹੈ ਕਿ ਸੰਸਾਰ ਪੱਧਰ 'ਤੇ ਕੰਮ ਕਰ ਰਹੀਆਂ ਸੰਸਥਾਵਾਂ ਇੱਕ ਮੰਚ 'ਤੇ ਸੰਗਠਿਤ ਹੋਣ ਤਾਂ ਜੋ ਸਾਡੀਆਂ ਹਜਾਰਾਂ ਸਾਲਾਂ ਤੋਂ ਗੁਲਾਮੀ ਦੀਆਂ ਜੰਜੀਰਾਂ ਕੱਟ ਹੋ ਸਕਣ ਤੇ ਦੇਸ਼ ਵਿੱਚ ਬੇਗਮਪੁਰੇ ਵਰਗੇ ਸ਼ਹਿਰ/ਰਾਜ ਦੀ ਉਸਾਰੀ ਜਿੰਨੀ ਛੇਤੀ ਹੋਵੇ ਸੰਭਵ ਹੋ ਸਕੇ। ਦੁਨੀਆਂ ਤੁਹਾਡੇ ਵੱਲ ਦੇਖ ਰਹੀ ਹੈ। ਆਪਣੀ ਤਾਕਤ ਨਾਲ ਅੱਗੇ ਵਧੀਏ, ਸੁਪਰ-ਡੁਪਰ ਕੰਪੀਟੀਸ਼ਨ ਦੇ ਯੁੱਗ ਅੰਦਰ ਉਹਨਾਂ ਰਹਿਬਰਾਂ ਦੇ ਸੁਪਨਿਆਂ ਦਾ ਸੰਸਾਰ ਆਪਣੇ ਜਿਊਂਦੇ-ਜੀਅ ਸਾਕਾਰ ਕਰੀਏ।

ਬੇਗਮਪੁਰਾ ਵਿੱਚ ਉਹਨਾਂ ਸਾਰੇ ਮਨੁੱਖੀ ਅਧਿਕਾਰਾਂ ਦੇ ਸਭ ਨੂੰ ਬਰਾਬਰ ਮਿਲਣ ਦੀ ਗੱਲ ਕੀਤੀ ਗਈ ਹੈ, ਜੋ ਕਈਆਂ ਤੋਂ ਖੋਹ ਲਏ ਗਏ ਸਨ ਤੇ ਬਾਬਾ ਸਾਹਿਬ ਨੇ ਵੀ ਇਹੋ ਮਨੁੱਖੀ ਅਧਿਕਾਰ ਹਰ ਇੱਕ ਲਈ ਅਤਿਅੰਤ ਜਰੂਰੀ ਮੰਨ ਕੇ ਇਨ੍ਹਾਂ ਨੂੰ ਸੰਵਿਧਾਨ ਦੇ ਮੁੱਢਲੇ ਅਧਿਕਾਰਾਂ ਵਿੱਚ ਸ਼ਾਮਿਲ ਕਰ ਦਿੱਤਾ ਹੈ। ਜੇ ਇਨ੍ਹਾਂ ਅਧਿਕਾਰਾਂ ਨੂੰ ਅੱਜ ਦੇ ਲੋਕ ਰਾਜ ਵਿੱਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ, ਆਦਰਸ਼ ਸਮਾਜ ਹੋਵੇਗਾ ਤੇ ਆਦਰਸ਼ ਸਮਾਜਵਾਦ ਹੋਵੇਗਾ। ਇਹੀ ਗੁਰੂ ਜੀ ਦਾ ਬੇਗਮਪੁਰਾ ਹੈ, ਜੋ ਬਾਬਾ ਸਾਹਿਬ ਦੇ ਸੰਵਿਧਾਨ ਵਿੱਚ ਉਲੀਕੇ ਸੰਭਾਵੀ ਲੋਕਰਾਜ ਨਾਲ ਮੇਲ ਖਾਂਦਾ ਹੈ।

ਜੈ ਗੁਰੂ ਰਵਿਦਾਸ, ਜੈ ਭੀਮ, ਜੈ ਭਾਰਤ ।

## ਹੁਣ ਵਕਤ ਲੰਘਾਇਆਂ ਨਹੀ ਸਰਨਾ

ਹੁਣ ਜਾਮ ਛਲਕਾਇਆਂ ਨਹੀਂ ਸਰਨਾ,
ਹੁਣ ਵਕਤ ਲੰਘਾਇਆਂ ਨਹੀਂ ਸਰਨਾ ।
ਆਇਆ ਵਕਤ ਬੜਾ ਹੀ ਭੈੜਾ ਏ,
ਲਹਿੰਦਾ ਨਾਂ ਬੁਰਿਆ ਕੋਲੋਂ ਖਹਿੜਾ ਏ ।
ਹੁਣ ਤਬੀਤ ਬੰਨਿਆਂ ਨਹੀਂ ਸਰਨਾ,
ਹੁਣ ਵਕਤ ਲੰਘਾਇਆਂ ਨਹੀਂ ਸਰਨਾ ।

ਹੋਇਆ ਜ਼ੁਲਮੋਂ ਸਿਤਮ ਦਾ ਜ਼ੋਰ ਬੜਾ,
ਪਆ ਹਰ ਗਲੀ ਚੌਰਾਹੇ ਸ਼ੋਰ ਬੜਾ ।
ਮੁੜ ਦੇਸ਼ ਦੀ ਨਾਰੀ ਅਵੱਲਾ ਹੋਈ ਏ,
ਖੋਹਿ ਇਜ਼ਤਿ ਇਹ ਅੱਜ ਫਿਰ ਮੋਈ ਏ ।
ਹੁਣ ਨਜ਼ਰ ਬਚਾਇਆਂ ਨਹੀਂ ਸਰਨਾ,
ਹੁਣ ਵਕਤ ਲੰਘਾਇਆਂ ਨਹੀਂ ਸਰਨਾ ।

ਅੰਨ ਦਾਤਾ ਖੁਦਕਸ਼ੀਆਂ ਕਰਦਾ ਏ,
ਬੇਰੁਜ਼ਗਾਰੀ ਦੁੱਖੋਂ ਕਾਮਾ ਮਰਦਾ ਏ ।
ਸ਼ਰਾਫ਼ਤ ਰੁਲ਼ਦੀ ਵਿਚ ਬਜ਼ਾਰਾਂ ਦੇ,
ਲੁੱਚਿਆਂ ਦੀ ਚਲੇ ਵਿਚ ਸਰਕਾਰਾਂ ਦੇ ।
ਹੁਣ ਗਿਆਨ ਸੁਣਾਇਆਂ ਨਹੀਂ ਸਰਨਾ,
ਹੁਣ ਵਕਤ ਲੰਘਾਇਆਂ ਨਹੀਂ ਸਰਨਾ।

ਸਿਆਸਤ ਦੀ ਥਾਂ-ਥਾਂ ਦਖ਼ਲ ਅੰਦਾਜ਼ੀ ਏ,
ਹਾਰੀ ਇਨਸਾਫ਼ ਨੇ ਲੜਿਦਆਂ ਬਾਜ਼ੀ ਏ ।
ਸੱਚ ਹੋ ਗਿਆ ਹੁਣ ਕਮਜ਼ੋਰ ਬੜਾ,
ਦਹਿਸ਼ਤ ਦਾ ਡਰ ਹੈ ਹਰ ਮੋੜ ਖੜਾ ।
ਹੁਣ ਸਮਝ ਸਮਝਾਇਆਂ ਨਹੀਂ ਸਰਨਾ,
ਹੁਣ ਵਕਤ ਲੰਘਿਇਆਂ ਨਹੀਂ ਸਰਨਾ ।

ਹੋਇਆ ਧਰਮਾਂ ਦਾ ਰੋਲਾ ਹਰ ਥਾਂ ਤੇ,
ਪਆ ਲੁੱਟ-ਖਸੁੱਟ ਕਝੋਲਾ ਹਰ ਨਾਂ ਤੇ ।
ਮਜ਼੍ਹਬਾਂ ਵਿਚ ਦੀਵਾਰ ਨਾ ਟੁੱਟਦੀ ਏ ,
ਪਈ ਲੋਟੂ ਢਾਣੀ ਲੋਕਾਂ ਨੂੰ ਲੁੱਟਦੀ ਏ।
ਹੁਣ ਬੈਠੇ ਬਿਠਾਇਆਂ ਨਹੀਂ ਸਰਨਾ,
ਹੁਣ ਵਕਤ ਲੰਘਾਇਆਂ ਨਹੀਂ ਸਰਨਾ।



**ਰਬਿੰਦਰ ਸ਼ਰਮਾ**

## ਗ਼ਜ਼ਲ

ਆਸਾਂ ਨੇ ਲਾਰੇ ਨੇ।
ਇਹ ਵੀ ਤਾਂ ਸਹਾਰੇ ਨੇ।
ਹਾਸਾ ਜੋ ਫਿੱਕਾ ਹੈ,
ਹੰਝੂ ਨੇ ਖਾਰੇ ਨੇ।
ਲੋੜਾਂ, ਥੋੜ੍ਹਾਂ, ਬੜੀਆਂ,
ਨਜ਼ਾਰੇ ਹੀ ਨਜ਼ਾਰੇ ਨੇ।
ਮੌਸਮ ਵੀ ਸਿਆਸੀ ਹੈ,
ਧੁੱਪਾਂ ਕਦੇ ਤਾਰੇ ਨੇ।
ਜੋ ਕਦੇ ਵਿਚਾਰੇ ਨਾ,
ਉਹ ਹੀ ਤਾਂ ਵਿਚਾਰੇ ਨੇ।
ਮੇਰੇ ਅਰਮਾਨ ਸੁਲਗੇ ਸੀ,
ਇਹ ਕਿਸਨੇ ਠਾਰੇ ਨੇ?
ਨਾ ਖਾਈ-ਪਕਾਈਦਾ,
'ਸੌਖੇ' ਹੀ ਗੁਜ਼ਾਰੇ ਨੇ।
'ਬੰਦੇ' ਹੀ ਦ੍ਰੋਪਤੀ ਨੂੰ,
ਜਿੱਤੇ ਨੇ ਹਾਰੇ ਨੇ।
ਲਿਖੇ ਸਿੱਧਾ ਹੀ ਰੇਸ਼ਮ,
ਇਹਦੇ ਪੁੱਠੇ ਕਾਰੇ ਨੇ।



**ਰੇਸ਼ਮ ਕਰਨਾਣਵੀ**

## ਬਲਵੀਰੋ

ਵੇ ਤੂੰ ਕੀਤੀਆਂ ਪੜ੍ਹਾਈਆਂ ਸਭ ਖੂਹ ਦੇ ਵਿਚ ਪਾਈਆਂ
ਤੈਨੂੰ ਫੌਜ 'ਚ ਕਰਾਇਆ ਮੈਨੂੰ ਮਿਲੀਆਂ ਵਧਾਈਆਂ
ਕਹਿਣ ਦਿਓਰ ਤੇਰਾ ਕਰੂਗਾ ਕਮਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ਆ ਗਿਆ
ਮੈਨੂੰ ਲੱਗਦਾ ਤੂੰ ਹੋ ਗਿਆ ਸ਼ੁਦਾਈ ਸੁੱਚਿਆ।

ਲੱਗ ਜਾਣੇ ਸੀ ਸਟਾਰ ਬਣ ਜਾਂਦਾ ਸੂਬੇਦਾਰ
ਲੈ ਕੇ ਰਫਲ ਦੁਨਾਲੀ ਰਹੀ ਖੇਡਦਾ ਸ਼ਿਕਾਰ
ਮਾਰ ਤਿੱਤਰ ਬਟੇਰੇ ਨਿੱਤ ਖਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ......

ਪੁੱਛ ਆਂਢ ਤੂੰ ਗੁਆਂਢ ਸਭ ਸਾਰੇ ਸੁਖ ਸਾਂਦ
ਵੇ ਤੂੰ ਰਫਲ ਖਰੀਦੀ ਤੈਨੂੰ ਕਾਹਦੀ ਲੱਗੀ ਤਾਂਘ
ਕਿਹੜੇ ਚੰਦਰੇ ਨੇ ਚਿੱਠੀ ਤੈਨੂੰ ਪਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ......

ਮੈਨੂੰ ਰੱਬ ਜਿੱਡਾ ਮਾਣ ਸਾਡੇ ਘਰ ਦੀ ਤੂੰ ਸ਼ਾਨ
ਘਰ ਵਸਦੇ ਉਜਾੜੇ ਕਿਉਂ ਤੂੰ ਕਰੇਂ ਨੁਕਸਾਨ
ਕੀਹਨੇ ਪੁੱਠੀ ਤੈਨੂੰ ਪਾੜਤ ਪੜ੍ਹਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ......

ਗੱਲ ਕਰਦੇ ਸ਼ਰੀਕ ਹੋਈ ਸੁਣ ਕੇ ਮੈਂ ਸੀਤ
ਪਿੰਡ ਕਰੇ ਬਦਨਾਮੀ ਕਿਉਂ ਤੂੰ ਬਣ ਗਿਆ ਢੀਠ
ਖੜ੍ਹੀ ਪੁੱਛਦੀ ਹੈ ਤੇਰੀ ਭਰਜਾਈ ਸੁੱਚਿਆ
ਤੈਨੂੰ ਘੱਲਿਆ ਤੇ ਕੀ ਲੈ ਕੇ ......

ਵੇ ਤੂੰ ਕਿਸੇ ਪਿੱਛੇ ਲੱਗ ਤੂੰ ਤਾਂ ਘਰ ਲੈਣਾ ਪੱਟ
ਉਹਦਾ ਕੱਖ ਨਾ ਰਹੇ ਵੇ ਜੀਹਨੇ ਲਾਈ ਤੈਨੂੰ ਅੱਗ
'ਦੇਵ ਘੋਲੀਏ' ਨੇ ਲੂਤੀ ਜਿਹੜੀ ਲਾਈ ਸੁੱਚਿਆ
ਦੱਸ ਰਫਲ ਦੁਨਾਲੀ ਰੋਟੀ ਦੇਊਗੀ
ਤੇਰੀ ਛਿੱਤਰਾਂ ਨਾ ਕਰਦੀ ਪਟਾਈ ਸੁੱਚਿਆ।



– ਦੇਵ ਘੋਲੀਆ
ਖੁਰਦ
(ਫਰਿਜ਼ਨੋ)
559-232-7764

# ਬਾਬਾ ਸਾਹਿਬ ਅੰਬੇਡਕਰ, ਬੁਧ ਧਰਮ ਤੇ ਬ੍ਰਹਮਵਾਦ

ਗੁਰਬਚਨ ਸਿੰਘ, 91-98156-98451

ਮੇਰੀ ਲਿਖਤ 'ਆਰ. ਐਸ. ਐਸ. ਦੇ ਫਾਸ਼ੀਵਾਦ ਨੂੰ ਹਰਾਉਣ ਲਈ ਅੰਬੇਡਕਰੀ ਸੋਚ ਜਰੂਰੀ' ਨੂੰ ਪੜ੍ਹ ਕੇ ਵੈਨਕੂਵਰ (ਕੈਨੇਡਾ) ਤੋਂ ਇਕ ਵੀਰ ਦਾ ਟੈਲੀਫੂਨ ਆਇਆ ਹੈ। ਵੀਰ ਜੀ ਨੇ ਲਿਖਤ ਦੀ ਪ੍ਰਸੰਸਾ ਕਰਦਿਆ ਹੋਇਆਂ ਇਕ ਸੁਆਲ ਕੀਤਾ ਹੈ ਕਿ ਬਾਬਾ ਸਾਹਿਬ ਨੇ ਤਾਂ ਬੁਧ ਧਰਮ ਅਪਨਾ ਲਿਆ ਸੀ ਅਤੇ ਬੁਧ ਧਰਮ ਬ੍ਰਹਮ ਅਤੇ ਆਤਮਾ ਦੀ ਹੋਂਦ ਤੋਂ ਇਨਕਾਰੀ ਹੈ, ਫਿਰ ਬਾਬਾ ਸਾਹਿਬ ਬ੍ਰਹਮਵਾਦ ਦੇ ਸਿਧਾਂਤ ਦੀ ਇਹ ਵਿਆਖਿਆ ਕਿਵੇਂ ਕਰ ਸਕਦੇ ਹਨ? ਵੀਰ ਜੀ ਨੇ ਇਸ ਵਿਆਖਿਆ ਬਾਰੇ ਬਾਬਾ ਸਾਹਿਬ ਦੇ ਮੌਲਿਕ ਹਵਾਲੇ ਦੀ ਮੰਗ ਕੀਤੀ ਹੈ। ਮੈਂ ਵੀਰ ਜੀ ਨੂੰ ਬਾਬਾ ਸਾਹਿਬ ਦੇ ਅੰਗਰੇਜੀ ਦੇ ਮੌਲਿਕ ਹਵਾਲੇ ਦੀ ਕਾਪੀ ਭੇਜ ਦਿਤੀ ਹੈ। ਇਹ ਹਵਾਲਾ ਬਾਬਾ ਸਾਹਿਬ ਦੀਆਂ ਸਮੂਹਿਕ ਲਿਖਤਾਂ ਦੀ ਚੌਥੀ ਜਿਲਦ ਦੇ ਸਫਾ 281 ਉਤੇ 22 ਵੀ ਉਲਝਣ ਦਾ ਇਕ ਅੰਸ਼ ਹੈ।

ਬੇਸ਼ਕ ਜਦੋਂ ਅਸੀਂ ਬਾਬਾ ਸਾਹਿਬ ਦੀਆਂ 'ਬ੍ਰਹਮ' ਬਾਰੇ ਇਨ੍ਹਾਂ ਦੋਵੇਂ ਧਾਰਨਾਵਾਂ ਨੂੰ ਇਕ-ਦੂਜੇ ਦੇ ਪ੍ਰਸੰਗ ਵਿਚ ਰਖ ਕੇ ਪੜ੍ਹਦੇ ਹਾਂ ਤਾਂ ਸਾਨੂੰ ਵੈਦਿਕ ਫਿਲਾਸਫੀ ਦੇ ਖੇਤਰ ਵਿਚ ਇਕ ਨਵੀਂ ਜਾਣਕਾਰੀ ਮਿਲਦੀ ਹੈ। ਬਾਬਾ ਸਾਹਿਬ ਨੇ ਇਸ ਜਾਣਕਾਰੀ ਰਾਹੀਂ ਵੈਦਿਕ ਫਿਲਾਸਫੀ ਬਾਰੇ ਸਾਡੇ ਗਿਆਨ ਵਿਚ ਮੌਲਿਕ ਵਾਧਾ ਕੀਤਾ ਹੈ। ਉਨ੍ਹਾਂ ਨੇ ਵੈਦਿਕ ਫਿਲਾਸਫੀ ਦੀਆਂ ਭੌਤਿਕਵਾਦੀ ਅਤੇ ਆਦਰਸ਼ਵਾਦੀ ਦੋ ਧਾਰਾਵਾਂ ਵਿਚਕਾਰ ਬੜਾ ਸਪਸ਼ਟ ਨਿਖੇੜਾ ਕੀਤਾ ਹੈ। ਇਹ ਨਿਖੇੜਾ ਸਾਨੂੰ ਬ੍ਰਾਹਮਣਵਾਦ ਦੀ ਮਨ-ਕਲਪਿਤ ਘਾੜਤ ਬ੍ਰਹਮਾ ਦੀ ਜੜ੍ਹ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਆਪਣੀ ਲਿਖਤ 'ਭਗਵਾਨ ਬੁਧ ਤੇ ਉਨ੍ਹਾਂ ਦਾ ਧਰਮ' ਵਿਚ ਬਾਬਾ ਸਾਹਿਬ ਬੁਧ ਧਰਮ ਵਿਚਲੀ ਬ੍ਰਹਮ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਦੇਂਦੇ ਹਨ।

"ਜਦੋਂ ਬੁਧ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਸਨ ਉਸ ਵੇਲੇ ਇਕ ਮਤਿ ਚਲ ਰਿਹਾ ਸੀ, ਜਿਸ ਨੂੰ ਅਸੀਂ ਹੁਣ 'ਵੇਦਾਂਤ' ਕਹਿੰਦੇ ਹਾਂ। ਇਸ ਧਰਮ ਦੇ ਸਿਧਾਂਤ ਥੋੜੇ ਹਨ ਅਤੇ ਆਸਾਨ ਹਨ। ਇਨ੍ਹਾਂ ਸਿਧਾਂਤਾਂ ਅਨੁਸਾਰ ਇਸ ਸੰਸਾਰ ਦੀ ਭੂਮਿਕਾ ਵਿਚ ਇਕ ਸਰਬਵਿਆਪੀ ਜੀਵਨ ਤਤ ਮੌਜੂਦ ਹੈ, ਜਿਸ ਨੂੰ ਅਸੀਂ 'ਬ੍ਰਹਮ' ਕਹਿੰਦੇ ਹਾਂ। ਇਹ 'ਬ੍ਰਹਮ' ਇਕ ਅਸਲੀਅਤ ਹੈ। 'ਆਤਮਾ' ਅਤੇ 'ਬ੍ਰਹਮ' ਵਿਚ ਕੋਈ ਫਰਕ ਨਹੀਂ, ਦੋਵੇਂ ਇਕੋ ਹੀ ਹਨ। 'ਜੀਵ-ਆਤਮਾ' ਅਤੇ 'ਬ੍ਰਹਮ-ਆਤਮਾ' ਜੋ ਅਸਲ ਵਿਚ ਇਕ ਹਨ। ਇਕ ਮੰਨ ਲੈਣ ਨਾਲ ਹੀ ਆਦਮੀ ਨੂੰ 'ਮੁਕਤੀ' ਲਾਭ ਹੋ ਸਕਦਾ ਹੈ। 'ਜੀਵ-ਆਤਮਾ' ਅਤੇ 'ਬ੍ਰਹਮ-ਆਤਮਾ' ਦਾ ਏਕਾ ਤਾਹੀਓਂ ਕਾਇਮ ਹੋ ਸਕਦਾ ਹੈ ਜਦੋਂ ਇਸ ਦੀ ਜਾਣਕਾਰੀ ਹੋ ਜਾਵੇ ਕਿ ਦੋਵੇਂ ਇਕ ਹਨ। 'ਜੀਵ-ਆਤਮਾ' ਅਤੇ 'ਬ੍ਰਹਮ-ਆਤਮਾ' ਦੇ ਏਕੇ ਦੀ ਜਾਣਕਾਰੀ ਹਾਸਿਲ ਕਰਨ ਲਈ ਸੰਸਾਰ ਦਾ ਤਿਆਗ ਜ਼ਰੂਰੀ ਹੈ। ਇਹੀ ਸਿਧਾਂਤ 'ਵੇਦਾਂਤ' ਕਹਾਉਂਦੇ ਹਨ। ਬੁਧ ਦੇ ਮਨ ਵਿਚ ਇਸ ਸਿਧਾਂਤ ਲਈ ਕੋਈ ਆਦਰ ਨਹੀਂ ਸੀ। ਉਨ੍ਹਾਂ ਨੂੰ ਜਾਪਦਾ ਸੀ ਕਿ ਇਸ ਦਾ ਆਧਾਰ ਹੀ ਝੂਠ ਹੈ। ਇਸ ਦਾ ਕੋਈ ਫਾਇਦਾ ਨਹੀਂ। ਇਸ ਨੂੰ ਤਥਾਗਤ ਬੁਧ ਨੇ ਵਾਸੇਠ ਤੇ ਭਾਰਦਵਾਜ ਨਾਮੀ ਦੋ ਬ੍ਰਾਹਮਣ ਨੌਜਵਾਨਾਂ ਨਾਲ ਹੋਈ ਆਪਣੀ ਗੱਲਬਾਤ ਵਿਚ ਸਪਸ਼ਟ ਕੀਤਾ ਹੈ।

ਤਥਾਗਤ ਬੁਧ ਦਾ ਕਹਿਣਾ ਹੈ ਕਿ ਕਿਸੇ ਗੱਲ ਨੂੰ ਵੀ ਸਚ ਮੰਨਣ ਲਈ ਉਸ ਦਾ ਕੋਈ ਨਾ ਕੋਈ ਸਬੂਤ ਹੋਣਾ ਚਾਹੀਦਾ ਹੈ। ਸਬੂਤ ਦੋ ਤਰ੍ਹਾਂ ਦੇ ਹੁੰਦੇ ਹਨ। ਪ੍ਰਤਖ ਅਤੇ ਅਪ੍ਰਤਖ। ਤਥਾਗਤ ਬੁਧ ਦਾ ਸਿਧਾ ਸੁਆਲ ਸੀ, "ਕੀ ਕਿਸੇ ਨੂੰ ਵੀ ਬ੍ਰਹਮ ਦਾ ਪ੍ਰਤਖ ਹੋਇਆ ਹੈ? ਕੀ ਤੁਸੀਂ 'ਬ੍ਰਹਮ' ਨੂੰ ਦੇਖਿਆ ਹੈ? ਕੀ ਤੁਸੀਂ ਬ੍ਰਹਮ ਨਾਲ ਗੱਲਬਾਤ ਕੀਤੀ ਹੈ? ਕੀ ਤੁਸੀਂ ਬ੍ਰਹਮ ਨੂੰ ਸੁੰਘਿਆ ਹੈ?"

ਵਾਸੇਠ ਦਾ ਜੁਆਬ ਸੀ "ਨਹੀਂ।"

ਬ੍ਰਹਮ ਦੀ ਹੋਂਦ ਦਾ ਦੂਜਾ ਅਨੁਮਾਨ ਸਬੂਤ ਵੀ ਤਸਲੀਬਖਸ਼ ਨਹੀਂ ਹੈ। ਤਥਾਗਤ ਬੁਧ ਦਾ ਸੁਆਲ ਸੀ, "ਕੀ ਅਸੀਂ ਕਿਸੇ ਚੀਜ਼ ਦੇ ਹੋਣ ਤੋਂ 'ਬ੍ਰਹਮ' ਦੇ ਹੋਣ ਦਾ ਅਨੁਮਾਨ ਲਾਉਂਦੇ ਹਾਂ? ਇਸ ਦਾ ਵੀ ਕੋਈ ਜੁਆਬ ਨਹੀਂ ਸੀ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਨਾ ਦਿਖਾਈ ਦੇਣ ਵਾਲੀ ਸ਼ੈਅ ਦੀ ਵੀ ਹੋਂਦ ਹੋ ਸਕਦੀ ਹੈ। ਇਸ ਲਈ ਉਹ ਕਹਿੰਦੇ ਹਨ ਕਿ ਨਾ ਦਿਖਾਈ ਦੇਣ ਉਤੇ ਵੀ 'ਬ੍ਰਹਮ' ਦੀ ਹੋਂਦ ਹੈ। ਇਹ ਕਥਨ ਤਾਂ ਬਿਲਕੁਲ ਗਲਤ ਹੈ ਅਤੇ ਇਕ ਅਸੰਭਵ ਥਾਪਣਾ ਹੈ। ਪਰ ਦਲੀਲ ਲਈ ਮੰਨ ਲੈਂਦੇ ਹਾਂ ਕਿ ਨਾ ਦਿਖਾਈ ਦੇਣ ਵਾਲੀ ਸ਼ੈਅ ਦੀ ਹੋਂਦ ਹੋ ਸਕਦੀ ਹੈ। ਲੋਕ ਕਹਿੰਦੇ ਹਨ ਕਿ ਇਸ ਦੀ ਸਭ ਤੋਂ ਚੰਗੀ ਮਿਸਾਲ ਬਿਜਲੀ ਹੈ। ਉਹ ਦਿਖਾਈ ਨਹੀਂ ਦੇਂਦੀ ਪਰ ਤਾਂ ਵੀ ਉਸ ਦੀ ਹੋਂਦ ਹੈ। ਇਹ ਦਲੀਲ ਕਾਫੀ ਨਹੀਂ। ਕਿਸੇ ਨਾ ਦਿਖਾਈ ਦੇਣ ਵਾਲੀ ਸ਼ੈਅ ਨੂੰ ਕਿਸੇ ਦੂਜੇ ਦ੍ਰਿਸ਼-ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਉਸ ਦੀ ਅਸਲੀਅਤ ਨੂੰ ਕਬੂਲ ਕਰ ਸਕਦੇ ਹਾਂ। ਪਰ ਜੇ ਕੋਈ ਅਣਡਿਠ ਚੀਜ ਕਿਸੇ ਵੀ ਦੂਜੇ ਦ੍ਰਿਸ਼-ਰੂਪ ਵਿਚ ਖੁਦ ਨੂੰ ਪ੍ਰਗਟ ਨਹੀਂ ਕਰਦੀ ਤਾਂ ਅਸੀਂ ਉਸ ਦੀ ਅਸਲੀਅਤ ਨੂੰ ਨਹੀਂ ਮੰਨ ਸਕਦੇ। ਅਸੀਂ ਅਣਡਿਠ ਹੋਣ ਉਤੇ ਵੀ ਬਿਜਲੀ ਦੀ ਅਸਲੀਅਤ, ਉਸ ਤੋਂ ਪੈਦਾ ਹੋਣ ਵਾਲੇ ਸਿਟਿਆਂ ਨੂੰ ਵੇਖ ਕੇ ਮੰਨਦੇ ਹਾਂ। ਬਿਜਲੀ ਤੋਂ ਰੌਸ਼ਨੀ ਪੈਦਾ ਹੁੰਦੀ ਹੈ। ਰੌਸ਼ਨੀ ਦੇ ਹੋਣ ਉਤੇ ਹੀ ਅਸੀਂ ਅਣਡਿਠ ਹੋਣ ਦੇ ਬਾਵਜੂਦ ਬਿਜਲੀ ਦੀ ਅਸਲੀਅਤ ਨੂੰ ਮੰਨਦੇ ਹਾਂ। ਉਹ ਕਿਹੜੀ ਦ੍ਰਿਸ਼-ਚੀਜ਼ ਹੈ, "ਜਿਸ ਨੂੰ ਇਹ ਅਣਡਿਠ ਬ੍ਰਹਮ ਪੈਦਾ ਕਰਦਾ ਹੈ?"

ਜੁਆਬ ਹੈ - "ਕੁਝ ਨਹੀਂ।"

ਇਕ ਹੋਰ ਮਿਸਾਲ ਦਿਤੀ ਜਾ ਸਕਦੀ ਹੈ। ਕਾਨੂੰਨ ਵਿਚ ਵੀ ਇਹ ਸਾਧਾਰਨ ਗੱਲ ਹੈ ਕਿ ਕਿਸੇ ਇਕ ਗੱਲ ਨੂੰ, ਕਿਸੇ ਇਕ ਥਾਪਨਾ ਨੂੰ ਮੰਨ ਲਿਆ ਜਾਂਦਾ ਹੈ, ਉਸ ਨੂੰ ਸਿਧ ਨਹੀਂ ਕੀਤਾ ਜਾਂਦਾ, ਉਹ ਸਿਰਫ ਇਕ 'ਕਾਨੂੰਨੀ ਕਲਪਨਾ' ਹੁੰਦੀ ਹੈ। ਇਸ ਤਰ੍ਹਾਂ ਦੀ 'ਕਾਨੂੰਨੀ ਕਲਪਨਾ' ਨੂੰ ਅਸੀਂ ਸਾਰੇ ਕਬੂਲ ਕਰਦੇ ਹਾਂ। ਪਰ ਇਸ ਤਰ੍ਹਾਂ ਦੀ 'ਕਾਨੂੰਨੀ ਕਲਪਨਾ' ਕਿਉਂ ਕੀਤੀ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ 'ਕਾਨੂੰਨੀ ਕਲਪਨਾ' ਇਸ ਕਰਕੇ ਮੰਨੀ ਜਾਂਦੀ ਹੈ ਕਿ ਉਸ ਦਾ ਨਿਆਂਸੰਗਤ ਅਤੇ ਫਾਇਦੇਮੰਦ ਸਿਟਾ ਨਿਕਲਦਾ ਹੈ। 'ਬ੍ਰਹਮ' ਨੂੰ ਵੀ ਇਕ ਕਲਪਨਾ ਮੰਨ ਲੈਂਦੇ ਹਾਂ ਪਰ ਇਸ ਤੋਂ ਕਿਹੜਾ ਫਾਇਦੇਮੰਦ ਸਿਟਾ ਨਿਕਲਦਾ ਹੈ?



ਵਾਸੇਠ ਅਤੇ ਭਾਰਦਵਾਜ ਕੋਲ ਇਸਦਾ ਕੋਈ ਜੁਆਬ ਨਹੀਂ ਸੀ।

ਉਨ੍ਹਾਂ ਦੇ ਦਿਮਾਗ ਵਿਚ ਚੰਗੀ ਤਰ੍ਹਾਂ ਸਪਸ਼ਟਤਾ ਲਿਆਉਣ ਲਈ ਤਥਾਗਤ ਬੁਧ ਨੇ ਵਾਸੇਠ ਨੂੰ ਸੰਬੋਧਨ ਕਰਕੇ ਪੁਛਿਆ, "ਕੀ ਤੂੰ 'ਬ੍ਰਹਮ' ਨੂੰ ਦੇਖਿਆ ਹੈ? ਕੀ ਤਿੰਨਾਂ ਵੇਦਾਂ ਦੇ ਜਾਣਕਾਰ ਬ੍ਰਾਹਮਣਾਂ ਵਿਚੋਂ ਕੋਈ ਇਕ ਵੀ ਅਜਿਹਾ ਹੈ, ਜਿਸ ਨੇ 'ਬ੍ਰਹਮ' ਨੂੰ ਪ੍ਰਤਖ ਤੌਰ ਉਤੇ ਦੇਖਿਆ ਹੋਵੇ।"

"ਗੌਤਮ! ਯਕੀਨਨ ਨਹੀਂ"- ਵਾਸੇਠ ਦਾ ਜੁਆਬ ਸੀ।

"ਵਾਸੇਠ! ਕੀ ਇਨ੍ਹਾਂ ਤਿੰਨਾਂ ਵੇਦਾਂ ਦੇ ਜਾਣਕਾਰ ਬ੍ਰਾਹਮਣਾਂ ਦੇ ਅਦਾਰਿਆਂ ਵਿਚੋਂ ਕੋਈ ਇਕ ਵੀ ਹੈ, ਜਿਸ ਨੇ 'ਬ੍ਰਹਮ' ਨੂੰ ਆਹਮੋ-ਸਾਹਮਣੇ ਦੇਖਿਆ ਹੋਵੇ।

"ਯਕੀਨਨ ਨਹੀਂ।"

"ਵਾਸੇਠ! ਕੀ ਇਨ੍ਹਾਂ ਬ੍ਰਾਹਮਣਾਂ ਦੀਆਂ ਪਹਿਲੀਆਂ ਸਤਾਂ ਪੀੜ੍ਹੀਆਂ ਵਿਚੋਂ ਕੋਈ ਇਕ ਵੀ ਬ੍ਰਾਹਮਣ ਹੈ, ਜਿਸ ਨੇ ਬ੍ਰਹਮ ਨੂੰ ਆਪਣੀ ਅਖੀਂ ਦੇਖਿਆ ਹੋਵੇ?"

"ਗੌਤਮ! ਯਕੀਨਨ ਨਹੀਂ।"

"ਚੰਗਾ ਤਾਂ ਵਾਸੇਠ? ਕੀ ਬ੍ਰਾਹਮਣਾਂ ਦੇ ਪੁਰਾਣੇ ਰਿਸ਼ੀਆਂ ਨੇ ਕਦੀ ਕਿਹਾ ਹੈ ਕਿ ਅਸੀਂ 'ਬ੍ਰਹਮ' ਨੂੰ ਜਾਣਦੇ ਹਾਂ, ਅਸੀਂ ਬ੍ਰਹਮ ਨੂੰ ਦੇਖਿਆ ਹੈ, ਅਸੀਂ ਜਾਣਦੇ ਹਾਂ ਕਿ ਉਹ ਕਿਥੇ ਹੈ, ਕਿਧਰ ਹੈ? "

"ਗੌਤਮ! ਬਿਲਕੁਲ ਨਹੀਂ। "

ਬੁਧ ਨੇ ਉਨ੍ਹਾਂ ਦੋਹਾਂ ਬ੍ਰਾਹਮਣ ਨੌਜਵਾਨਾਂ ਨੂੰ ਸੁਆਲ ਪੁਛਣਾ ਚਾਲੂ ਰਖਿਆ, "ਤਾਂ ਵਾਸੇਠ! ਹੁਣ ਤੈਨੂੰ ਕਿਹੋ ਜਿਹਾ ਲਗਦਾ ਹੈ? ਜੇ ਅਜਿਹਾ ਹੀ ਹੈ ਤਾਂ ਕੀ ਤੈਨੂੰ ਇਹ ਨਹੀਂ ਜਾਪਦਾ ਕਿ 'ਬ੍ਰਹਮ-ਮਿਲਾਪ' ਦੀ ਬ੍ਰਾਹਮਣਾਂ ਦੀ ਇਹ ਸਾਰੀ ਗੱਲਬਾਤ ਮੂਰਖਤਾ ਭਰੀ ਹੈ?

"ਵਾਸੇਠ! ਜਿਵੇਂ ਕੋਈ ਅੰਨ੍ਹਿਆਂ ਦੀ ਕਤਾਰ ਹੋਵੇ। ਨਾ ਅਗੇ ਚਲਣ ਵਾਲਾ ਅੰਨ੍ਹਾ ਦੇਖ ਸਕਦਾ ਹੈ ਨਾ ਵਿਚਕਾਰ ਵਾਲਾ ਅਤੇ ਨਾ ਹੀ ਪਿਛੇ ਚਲਣ ਵਾਲਾ। ਇਸੇ ਤਰ੍ਹਾਂ ਵਾਸੇਠ! ਮੈਨੂੰ ਜਾਪਦਾ ਹੈ ਕਿ ਬ੍ਰਾਹਮਣਾਂ ਦਾ ਕਥਨ ਸਿਰਫ ਅੰਨ੍ਹਾ ਕਥਨ ਹੈ। ਇਨ੍ਹਾਂ ਬ੍ਰਾਹਮਣਾਂ ਦੀ ਗੱਲਬਾਤ ਸਿਰਫ ਹਸਣਯੋਗ ਹੈ, ਜਿਸ ਵਿਚ ਇਕ ਵੀ ਸ਼ਬਦ ਦਾ ਸਾਰ (ਸਚ) ਨਹੀਂ।

ਵਾਸੇਠ! ਕੀ ਇਹ ਠੀਕ ਇਸ ਤਰ੍ਹਾਂ ਦੀ ਹੀ ਗੱਲ ਨਹੀਂ ਹੈ, ਜਿਵੇਂ ਕਿਸੇ ਆਦਮੀ ਦਾ ਕਿਸੇ ਔਰਤ ਨਾਲ ਪਿਆਰ ਹੋ ਗਿਆ ਹੋਵੇ, ਜਿਸ ਨੇ ਉਸ ਨੂੰ ਕਦੀ ਦੇਖਿਆ ਨਾ ਹੋਵੇ?

ਵਾਸੇਠ ਨੇ ਕਿਹਾ _ "ਹਾਂ! ਇਹ ਤਾਂ ਅਜਿਹਾ ਹੀ ਹੈ।"

"ਵਾਸੇਠ! ਹੁਣ ਤੂੰ ਦਸ ਕਿ ਇਹ ਕਿਹੋ ਜਿਹਾ ਲਗੇਗਾ, ਜਦੋਂ ਲੋਕ ਉਸ ਆਦਮੀ ਨੂੰ ਪੁਛਣਗੇ ਕਿ ਮਿਤਰ! ਤੂੰ ਸਾਰੇ ਸੂਬੇ ਦੀ ਜਿਸ ਬਹੁਤ ਹੀ ਸੁੰਦਰ ਔਰਤ ਨਾਲ ਐਨਾ ਪਿਆਰ ਕਰਨ ਦੀ ਗੱਲ ਕਰਦਾ ਹੈਂ, ਉਹ ਕੌਣ ਹੈ। ਉਹ ਕਸ਼ਤਰੀ ਜਾਤੀ ਤੋਂ ਹੈ? ਬ੍ਰਾਹਮਣ ਜਾਤੀ ਤੋਂ ਹੈ? ਵੈਸ਼ ਜਾਤੀ ਤੋਂ ਹੈ? ਜਾਂ ਸ਼ੂਦਰ ਜਾਤੀ ਤੋਂ ਹੈ?

"ਪਰ ਪ੍ਰਛਣ ਲਗਿਆਂ ਉਸ ਦਾ ਜਵਾਬ 'ਨਹੀਂ' ਹੋਵੇਗਾ। ਅਤੇ ਜਦੋਂ ਲੋਕ ਉਸ ਨੂੰ ਪੁਛਣਗੇ ਕਿ ਮਿੱਤਰ! ਤੂੰ ਸਾਰੇ ਸੂਬੇ ਦੀ ਜਿਸ ਬਹੁਤ ਹੀ ਸੋਹਣੀ ਔਰਤ ਨੂੰ ਐਨਾ ਪਿਆਰ ਕਰਨ ਦੀ ਗੱਲ ਕਰਦਾ ਹੈਂ। ਉਸ ਦਾ ਨਾਂ ਕੀ ਹੈ, ਉਸ ਦਾ ਗੋਤ ਕੀ ਹੈ, ਉਹ ਲੰਬੇ ਕੱਦ ਦੀ ਹੈ, ਛੋਟੇ ਕੱਦ ਦੀ ਹੈ ਜਾਂ ਦਰਮਿਆਨੇ ਕਦ ਦੀ ਹੈ? ਕੀ ਉਹ ਕਾਲੇ ਰੰਗ ਦੀ ਹੈ, ਕਨਕ-ਵੰਨੇ ਰੰਗ ਦੀ ਹੈ ਜਾਂ ਭੂਰੇ ਰੰਗ ਦੀ ਹੈ? ਉਹ ਕਿਹੜੇ ਪਿੰਡ, ਸ਼ਹਿਰ ਜਾਂ ਕਸਬੇ ਵਿਚ ਰਹਿੰਦੀ ਹੈ? ਪਰ ਉਸ ਨੂੰ ਪੁਛਣ ਉਤੇ ਉਸ ਦਾ ਜੁਆਬ 'ਨਹੀਂ' ਹੋਵੇਗਾ। "ਤਾਂ ਵਾਸੇਠ! ਤੈਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਹੈ? ਕੀ ਤੈਨੂੰ ਇਹ ਨਹੀਂ ਜਾਪਦਾ ਕਿ ਉਸ ਆਦਮੀ ਦਾ ਕਥਨ ਮੂਰਖਤਾ-ਭਰਿਆ ਹੈ?

ਦੋਵੇਂ ਬ੍ਰਾਹਮਣ ਬੋਲੇ "ਗੌਤਮ! ਸਚਮੁਚ ਇਹ ਤਾਂ ਇਵੇਂ ਹੀ ਹੈ।"

ਇਸ ਲਈ 'ਬ੍ਰਹਮ' ਅਸਲੀਅਤ ਨਹੀਂ ਹੈ ਅਤੇ ਜੇ ਕੋਈ ਧਰਮ ਬ੍ਰਹਮ ਆਧਾਰਿਤ ਹੈ ਤਾਂ ਉਹ ਫਜ਼ੂਲ ਹੈ।" (ਡਾ. ਅੰਬੇਡਕਰ, ਭਗਵਾਨ ਬੁਧ ਤੇ ਉਨ੍ਹਾਂ ਦਾ ਧਰਮ, ਸਿਧਾਰਥ ਪ੍ਰਕਾਸ਼ਨ, 1984 ਸਫਾ 212)

ਉਕਤ ਵਾਰਤਾਲਾਪ ਤੋਂ ਸਪਸ਼ਟ ਹੈ ਕਿ ਬ੍ਰਾਹਮਣਵਾਦੀ ਕਰਮਕਾਂਡ ਦਾ ਖੰਡਨ ਕਰਨ ਲਈ ਭਗਵਾਨ ਬੁਧ ਆਪਣੇ ਅਨੁਭਵ ਵਿਚ ਨਾ ਆਉਣ ਵਾਲੀ ਹਰ ਵਸਤੂ ਅਤੇ ਵਰਤਾਰੇ ਦਾ ਖੰਡਨ ਕਰਦੇ ਹਨ। ਪਰ ਭਗਵਾਨ ਬੁਧ ਦੀ ਇਹ ਦਲੀਲ ਕਿ ਕਿਸੇ ਨੇ 'ਬ੍ਰਹਮ' ਨੂੰ ਵੇਖਿਆ ਨਹੀਂ, ਅਨੁਭਵੀ ਤਰਕ ਆਧਾਰਿਤ ਨਹੀਂ। ਬੁਧ ਧਰਮ ਅਨੁਸਾਰ ਮਨ ਸਾਰੀਆਂ ਮਨੁਖੀ ਕਿਰਿਆਵਾਂ ਦਾ ਮੂਲ ਹੈ ਤਥਾ ਮਨ ਸਿਰਮੌਰ ਹੈ ਪਰ ਮਨ ਦੀ ਹੋਂਦ ਵੀ ਤਾਂ ਅਨੁਭਵ ਹੀ ਕੀਤੀ ਜਾ ਸਕਦੀ ਹੈ ਪ੍ਰਤਖ ਨਜ਼ਰਾਂ ਨਾਲ ਵੇਖੀ ਨਹੀਂ ਜਾ ਸਕਦੀ।

ਇਸੇ ਤਰ੍ਹਾਂ ਬ੍ਰਹਮ ਮਨੁਖੀ ਮਨ ਦੇ ਅਨੁਭਵ ਦੀ ਪਕੜ ਵਿਚ ਆਉਂਦਾ ਹੈ ਪਰ ਪ੍ਰਤਖ ਨਜ਼ਰਾਂ ਨਾਲ ਵੇਖਿਆ ਨਹੀਂ ਜਾ ਸਕਦਾ। ਜਿਵੇਂ ਮਨ ਦੀ ਹੋਂਦ ਮੰਨ ਲਈ ਗਈ ਹੈ, ਇਸੇ ਤਰ੍ਹਾਂ ਬ੍ਰਹਮ ਦੀ ਹੋਂਦ ਦਾ ਅਹਿਸਾਸ ਵੀ ਕੀਤਾ ਜਾ ਸਕਦਾ ਹੈ। ਸਾਡੇ ਆਲੇ ਦੁਆਲੇ ਚਾਰ ਚੁਫੇਰੇ ਫੈਲਿਆ ਬ੍ਰਹਿਮੰਡ, ਕਾਇਨਾਤ ਤਥਾ ਸ੍ਰਿਸ਼ਟੀ ਇਸੇ ਬ੍ਰਹਮ ਦਾ ਪ੍ਰਤਖ (ਆਕਾਰ, ਵਜੂਦ) ਰੂਪ ਹੈ।

ਇਥੇ ਆ ਕੇ ਬੁਧ ਮਤਿ ਅਤੇ ਬਾਬਾ ਸਾਹਿਬ ਦੀ ਫਿਲਾਸਫੀ ਵਿਚ ਨਿਖੇੜਾ ਸਪਸ਼ਟ ਨਜ਼ਰ ਆਉਂਦਾ ਹੈ। ਬਾਬਾ ਸਾਹਿਬ ਬੁਧ ਮਤਿ ਦੇ ਹਵਾਲੇ ਨਾਲ 'ਬ੍ਰਹਮ' ਦੀ ਹੋਂਦ ਤੋਂ ਇਨਕਾਰੀ ਹਨ ਪਰ ਹਿੰਦੂ ਫਿਲਾਸਫੀ ਦੀ ਆਪਣੀ ਖੋਜ ਵਿਚ ਉਹ ਖੁਦ 'ਬ੍ਰਹਮ' ਦੀ ਹੋਂਦ ਨੂੰ ਨਾ ਸਿਰਫ ਮੰਨਦੇ ਹਨ ਬਲਕਿ ਸ਼ੰਕਰਾਚਾਰੀਆ ਸਮੇਤ ਹਿੰਦੂ ਫਿਲਾਸਫੀ ਦੀ ਵਿਆਖਿਆ ਕਰਨ ਵਾਲੇ ਸਾਰੇ ਚਿੰਤਕਾਂ ਦੀ ਇਹ ਕਹਿ ਕੇ ਪੜਚੋਲ ਕਰਦੇ ਹਨ ਕਿ ਇਕ ਪਾਸੇ ਤਾਂ ਉਹ 'ਬ੍ਰਹਮ' ਦੀ ਹੋਂਦ ਨੂੰ ਸਚ ਮੰਨਦੇ ਹਨ ਪਰ ਦੂਜੇ ਪਾਸੇ ਇਸ 'ਬ੍ਰਹਮ' ਦੇ ਮਨ-ਕਲਪਿਤ ਰੂਪ ਬ੍ਰਹਮਾ ਦੀ ਹੋਂਦ ਨੂੰ ਸਚ ਮੰਨ ਕੇ ਬ੍ਰਾਹਮਣਵਾਦ ਦੀ ਹਮਾਇਤ ਕਰਦੇ ਹਨ। ਇਥੇ ਆ ਕੇ ਬਾਬਾ ਸਾਹਿਬ ਦੀ ਫਿਲਾਸਫੀ ਬੁਧ ਮਤਿ ਦੀ ਫਿਲਾਸਫੀ ਨਾਲੋਂ ਇਕ ਕਦਮ ਅਗੇ ਪੁਟਦੀ ਹੈ।

ਦਰਅਸਲ ਵੈਦਿਕ ਫਿਲਾਸਫੀ ਦਾ ਮੁਢਲਾ ਸਮਾਜੀ ਪ੍ਰਗਟਾਵਾ ਬੁਧ ਧਰਮ ਵਿਚ ਹੋਇਆ। ਤਥਾਗਤ ਬੁਧ ਨੇ ਪਹਿਲੀ ਵਾਰ ਆਪਣੇ ਅਨੁਭਵ ਵਿਚ ਆਉਣ ਵਾਲੀ ਹਕੀਕਤ ਨੂੰ ਸਚ ਮੰਨਿਆ ਅਤੇ ਬਾਕੀ ਸਭ ਕੁਝ ਨੂੰ ਨਕਾਰ ਦਿਤਾ। ਇਸੇ ਕਰਕੇ ਉਹਨਾਂ ਨੇ ਮਨੁਖੀ ਮਨ ਨੂੰ ਸਿਰਮੌਰਤਾ ਦਾ ਦਰਜਾ ਦਿਤਾ। ਬੇਸ਼ਕ ਬੁਧਮਤਿ ਬ੍ਰਹਮਵਾਦ ਅਤੇ ਬ੍ਰਾਹਮਣਵਾਦ ਵਿਚ ਨਿਖੇੜਾ ਨਾ ਕਰ ਸਕਿਆ ਜਿਹੜਾ ਨਿਖੇੜਾ ਬਾਅਦ ਵਿਚ ਬਾਬਾ ਸਾਹਿਬ ਨੇ ਸਪਸ਼ਟ ਕੀਤਾ। ਬਾਬਾ ਸਾਹਿਬ ਦੀ ਫਿਲਾਸਫੀ ਬੁਧ ਮਤਿ ਦੀ ਫਿਲਾਸਫੀ ਨਾਲੋਂ ਮਨੁਖੀ ਗਿਆਨ ਦੇ ਵਿਕਾਸ ਵਿਚ ਪੁਟਿਆ ਗਿਆ ਅਗਲਾ ਕਦਮ ਹੈ।

ਜੇ ਇਹ ਕਿਹਾ ਜਾਵੇ ਕਿ ਬਾਬਾ ਸਾਹਿਬ ਨੇ ਬੁਧ ਮਤਿ ਦੀ ਫਿਲਾਸਫੀ ਦਾ ਬ੍ਰਹਮਵਾਦ ਤਕ ਵਿਸਥਾਰ ਕੀਤਾ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਬਾਬਾ ਸਾਹਿਬ ਦੇ ਆਪਣੇ ਕਥਨ ਅਨੁਸਾਰ, "ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ। ਪਰ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਇਕ ਅਜਿਹੇ ਸੰਕਲਪ ਨੂੰ ਜਨਮ ਦਿਤਾ, ਜਿਸ ਦੀਆ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇਕੋ ਹੀ ਬ੍ਰਹਮ (ਬ੍ਰਹਿਮੰਡ) ਦਾ ਅੰਸ਼ ਹਾਂ ਤਾਂ ਇਹ ਜਮਹੂਰੀਅਤ ਤੋਂ ਸਿਵਾਏ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ ਪ੍ਰਚਾਰ ਹੀ ਨਹੀਂ ਕਰਦੀ ਸਗੋਂ ਜਮਹੂਰੀਅਤ ਨੂੰ ਸਾਰਿਆਂ ਦੀ ਜ਼ਿੰਮੇਵਾਰੀ ਬਣਾ ਦੇਂਦੀ ਹੈ। ਜਮਹੂਰੀਅਤ ਨੂੰ ਮਨੁਖ ਦੀ ਲੋੜ ਬਣਾ ਦੇਂਦੀ ਹੈ।" ਬਾਬਾ ਸਾਹਿਬ ਨੇ ਲਿਖਿਆ ਹੈ, "ਜੇ ਕੋਈ ਪੁਛੇ ਕਿ ਇਹ ਬ੍ਰਹਮਵਾਦ ਕੀ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੋਵੇਗਾ। ਕਿਉਂਕਿ ਹਿੰਦੂਆ ਲਈ ਵੀ ਇਹ ਨਵਾਂ ਸਿਧਾਂਤ ਹੈ। ਹਿੰਦੂ ਵੇਦਾਂਤ ਤੋਂ ਜਾਣੂ ਹਨ, ਉਹ ਬ੍ਰਾਹਮਣਵਾਦ ਤੋਂ ਜਾਣੂ ਹਨ ਪਰ ਨਿਸਚਿਤ ਤੌਰ ਉਤੇ ਉਹ ਬ੍ਰਹਮਵਾਦ ਤੋਂ ਜਾਣੂ ਨਹੀਂ ਹਨ।"

ਇੰਝ ਬ੍ਰਹਮਵਾਦ ਦਾ ਸਿਧਾਂਤ ਬਾਬਾ ਸਾਹਿਬ ਦੀ ਸੰਸਾਰ ਫਿਲਾਸਫੀ ਨੂੰ ਦਿਤੀ ਗਈ ਮੌਲਿਕ ਦੇਣ ਹੈ। ਬੇਸ਼ਕ ਇਥੇ ਉਹਨਾਂ ਨੇ ਇਹ ਨੁਕਤਾ ਵੀ ਸਪਸ਼ਟ ਕੀਤਾ ਹੈ ਕਿ ਬ੍ਰਹਮਵਾਦ ਸ਼ਬਦ ਡਾ. ਹਾਪਕਿਨਸ ਲਿਖਤ ਭਾਰਤ ਦੇ ਮਹਾਂਕਾਵਿ ਵਿਚੋਂ ਲਿਆ ਗਿਆ ਹੈ। ਬਾਬਾ ਸਾਹਿਬ ਦੀ ਕੀਤੀ ਗਈ ਇਸ ਮਹਾਨ ਖੋਜ ਅਨੁਸਾਰ ਬ੍ਰਹਮਵਾਦ ਦੀ ਫਿਲਾਸਫੀ ਜਮਹੂਰੀਅਤ ਦਾ ਸਭ ਤੋਂ ਵਧੀਆ ਅਤੇ ਮੌਲਿਕ ਸਿਧਾਂਤਕ ਆਧਾਰ ਹੈ। ਇਸੇ ਆਧਾਰ ਉਤੇ ਬਾਬਾ ਸਾਹਿਬ ਨੇ ਪਛਮੀ ਤਰਜ ਦੀ ਪ੍ਰਚਲਿਤ ਜਮਹੂਰੀਅਤ ਨੂੰ ਗੰਭੀਰ ਚੁਣੌਤੀ ਦਿਤੀ ਹੈ। ਉਹਨਾਂ ਦੇ ਕਥਨ ਅਨੁਸਾਰ, "ਪਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ ਵੀ (ਪੱਛਮੀ ਤਰਜ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉਤੇ ਖੜੀ ਹੈ। ਜਮਹੂਰੀਅਤ ਦੇ ਪਛਮੀ ਵਿਦਿਆਰਥੀਆਂ ਨੇ ਇਹ ਵਿਸ਼ਵਾਸ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ। ਪਰ ਜੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜਿਹੜਾ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ ਤਾਂ ਉਹ ਏਨੇ ਕਟੜਵਾਦੀ ਨਾ ਹੁੰਦੇ।'

# ਸੈਕਰਾਮੈਂਟੋ ਨੇੜੇ ਨਟੋਮਸ ਵਿਖੇ ਨਵੇਂ ਬਣ ਰਹੇ ਗੁਰਦੁਆਰਾ ਸੰਤ ਸਾਗਰ ਸੈਕਰਮੈਂਟੋ ਵਿੱਚ 13 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਵੇਗਾ ਪ੍ਰਕਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਗੁਰਦੁਆਰਾ ਸੰਤ ਸਾਗਰ ਨਿਊਯਾਰਕ ਦੇ ਸੰਚਾਲਕ ਭਾਈ ਸੱਜਣ ਸਿੰਘ ਜੀ ਦੇ ਉਦਮ ਨਾਲ ਸੈਕਰਾਮੈਂਟੋ ਵਿਚ ਵੀ ਗੁਰ-ਦੁਆਰਾ ਸੰਤ ਸਾਗਰ ਦੀ ਸਥਾਪਨਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਟਰੇਲਕ ਵਿਚ ਇਕ ਬਿਲਡਿੰਗ ਖਰੀਦ ਲਈ ਗਈ ਸੀ ਪਰ ਕਾਨੂੰਨੀ ਅੜਚਣਾਂ ਕਰਕੇ ਉਸ ਬਿਲਡਿੰਗ ਨੂੰ ਵੇਚ ਕੇ ਇਹ ਚਰਚ ਬਿਲਡਿੰਗ ਖਰੀਦੀ ਗਈ ਹੈ। ਹੁਣ ਇਸ ਵਿਚ 13 ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਜਾਵੇਗੀ। ਬੀਤੇ ਦਿਨ ਭਾਈ ਸੱਜਣ ਸਿੰਘ ਜੀ ਇਸ ਸਥਾਨ 'ਤੇ ਖੁਦ ਪਹੁੰਚੇ ਅਤੇ ਉਨ੍ਹਾਂ ਇਸ ਮੌਕੇ ਗੁਰ-ਦੁਆਰਾ ਸਾਹਿਬ ਦੀ ਸਥਾਪਨਾ ਸਬੰਧੀ ਵਿਚਾਰਾਂ ਵੀ ਕੀਤੀਆਂ। ਇਸ ਮੌਕੇ ਸ਼ ਨਰਿੰਦਰਪਾਲ ਸਿੰਘ ਹੁੰਦਲ, ਲਖਵਿੰਦਰ ਸਿੰਘ ਲੱਖੀ, ਪ੍ਰੋਮੁਖਤਾਰ ਸਿੰਘ ਗਿੱਲ, ਅਜੀਤ ਸਿੰਘ ਕੌਸ਼ਲ, ਨਿਰਮਲ ਥਿਆੜਾ, ਜਸਵਿੰਦਰ ਨਿੱਝਰ, ਕੁਲਵਿੰਦਰ ਸਿੰਘ, ਰਜਿੰਦਰ ਸਿੰਘ, ਓਲੰਪੀਅਨ ਮਹਿੰਦਰ ਸਿੰਘ ਗਿੱਲ, ਕਰਨੈਲ ਸਿੰਘ ਸੈਣੀ, ਕੁਲਦੀਪ ਸਿੰਘ ਜੋਧਾਂਵਾਲਾ, ਬਾਬਾ ਬਲਦੇਵ ਸਿੰਘ ਗਿੱਲ, ਗਿਆਨੀ ਭਗਤ ਸਿੰਘ, ਗਿਆਨੀ ਹਰਦੇਵ ਸਿੰਘ ਸਾਬਕਾ ਹੈਡ ਗ੍ਰੰਥੀ ਰਿਚਮੰਡ ਹਿੱਲ ਨਿ-ਊਯਾਰਕ, ਗਿਆਨੀ ਗੁਰ-ਦੇਵ ਸਿੰਘ ਸਾਬਕਾ ਹੈਡ ਗ੍ਰੰਥੀ ਟਾਇਰਾ ਬਿਊਨਾ ਯੂਬਾਸਿਟੀ ਗਿਆਨੀ ਚਮਨ ਸਿੰਘ ਗਰੇਵਾਲ ਯੂਬਾ ਸਿਟੀ, ਬਾਬਾ ਬਲਵੀਰ ਸਿੰਘ ਕਾਲੇਕੇ ਗੁਰਦੁਆਰਾ ਮਸਤੂਆਣਾ ਸਾਹਿਬ ਯੂਬਾਸਿਟੀ, ਰਜਿੰਦਰ ਸਿੰਘ ਚੌਹਾਨ ਯੂਬਾਸਿਟੀ, ਮੇਜਰ ਸਿੰਘ ਚੌਹਾਨ, ਨਵਿੰਦਰ ਸਿੰਘ ਭੰਡਾਲ, ਅਜੀਤ ਸਿੰਘ ਕੋਮਲ, ਮੇਜਰ ਸਿੰਘ ਚੌਹਾਨ, ਜਗਦੇਵ ਸਿੰਘ ਮਾਂਗਟ, ਕਸ਼ਮੀਰ ਸਿੰਘ ਬਾਂਦੀ ਨੈਸ਼ਨਲ ਟਰੱਕ ਡਰਾਈਵਿੰਗ ਸਕੂਲ, ਦਵਿੰਦਰ ਢਿੱਲੋਂ, ਅਜੀਤ ਸਿੰਘ ਸਰਪੰਚ, ਸੁਰਿੰਦਰ ਬਿੰਦਰਾ, ਅਵਤਾਰ ਸਿੰਘ ਡੋਡ, ਰਾਣਾ ਦਵਿੰਦਰ ਸਿੰਘ, ਭਾਈ ਜਸਪਾਲ ਸਿੰਘ ਸਾਰੰਗ, ਰਾਗੀ ਸੁਖਜੀਵਨ ਸਿੰਘ, ਰਾਗੂ ਜਸਵੰਤ ਸਿੰਘ, ਰਾਗੀ ਨਿਰਮਲ ਸਿੰਘ ਨਾਗਪੁਰੀ, ਰਾਗੀ ਕੁਲਵਿੰਦਰ ਸਿੰਘ, ਰਾਗੀ ਪ੍ਰਮਿੰਦਰ ਸਿੰਘ, ਰਾਗੀ ਗੁਰਇਕਬਾਲ ਸਿੰਘ , ਹਰਬੰਸ ਸਿੰਘ, ਮੇਜਰ ਸਿੰਘ ਚੌਹਾਨ, ਗਿਆਨ ਸਿੰਘ ਢੱਟ, ਤਰਲੋਚਨ ਸਿੰਘ ਗੜਾਂਗ, ਗੁਰਮੀਤ ਸਿੰਘ ਸੰਧੂ (ਗੈਰੀ) ਵੀ ਹਾਜ਼ਰ ਸਨ। ਰੀਅਲ ਅਸਟੇਟ ਬਰੋਕਰ ਜੇਕ ਐਲਨ ਤੇ ਬੌਬੀ ਸਿੰਘ ਐਲਨ ਆਪਣੀ ਮਾਤਾ ਜੀ ਬਲਵੀਰ ਕੌਰ (ਪਤਨੀ ਸ਼ ਲਖਵਿੰਦਰ ਲੱਖੀ) ਨਾਲ ਵਿਸ਼ੇਸ਼ ਤੌਰ ਪਹੁੰਚੇ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਇਹ ਚਰਚ ਇਮਾਰਤ ਖਰੀਦੀ ਗਈ ਹੈ। ਵਿਚਾਰਾਂਕਰਨ ਉਪਰੰਤ ਭਾਈ ਸੱਜਣ ਸਿੰਘ ਜੀ ਨੇ ਦੱਸਿਆ ਕਿ ਮਿਤੀ13 ਮਾਰਚ ਦਿਨ ਸ਼ੁਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ ਅਤੇ ਇਸੇ ਦਿਨ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜਾਉਣ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਨਾਂ ਦੇ 15 ਮਾਰਚ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਵਿਸ਼ਾਲ ਸਥਪਨਾ ਸਮਾਗਮ ਕੀਤਾ ਜਾਵੇਗਾ।



# ਕਰਜ਼ੇ ਦੀ ਕੁੜਿੱਕੀ ਵਿਚ ਔਖੀ ਦਿਨ-ਕਟੀ ਕਰ ਰਹੇ ਪੰਜਾਬ ਦੇ ਪੇਂਡੂ ਔਰਤ ਦਲਿਤ ਮਜ਼ਦੂਰ ਪਰਿਵਾਰ

ਜਦੋਂ ਸਮਾਜ ਦੇ ਕਿਰਤੀ ਵਰਗਾਂ ਨੂੰ ਉਧਾਰ ਨਹੀਂ ਮਿਲਦਾ ਤਾਂ ਇਹ ਸਥਿਤੀ ਉਨ੍ਹਾਂ ਲਈ ਇਕ ਵੱਡੀ ਸਮੱਸਿਆ ਹੁੰਦੀ ਹੈ, ਪਰ ਜਦੋਂ ਉਨ੍ਹਾਂ ਦੁਆਰਾ ਲਿਆ ਗਿਆ ਉਧਾਰ ਸਮੇਂ ਸਿਰ ਨਾ ਮੋੜਿਆ ਜਾ ਸਕੇ ਤਾਂ ਇਹ ਸਥਿਤੀ ਉਨ੍ਹਾਂ ਲਈ ਅਕਿਹ ਅਤੇ ਅਸਿਹ ਸਮੱਸਿਆ ਬਣ ਜਾਂਦੀ ਹੈ। ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਹੰਢਾਈਆਂ ਜਾਂਦੀਆਂ ਵੱਖ ਵੱਖ ਸਮੱਸਿਆ ਦਾ ਅਧਿਐਨ ਕਰਨ ਲਈ ਇਕ ਸਰਵੇਖਣ ਕੀਤਾ ਗਿਆ। ਇਹ ਸਰਵੇਖਣ ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ ਲੁਧਿਆਣਾ ਦੁਆਰਾ ਸਪਾਂਸਰ ਕੀਤਾ ਗਿਆ। ਇਹ ਅਧਿਐਨ 2016-17 ਨਾਲ ਸੰਬੰਧਿਤ ਹੈ। ਇਸ ਅਧਿਐਨ ਲਈ ਪੰਜਾਬ ਦੇ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਦੇ ਪਿੰਡਾਂ ਵਿਚੋਂ 927 ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ।

ਫੀਲਡ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ ਦਾ ਪੱਧਰ ਇੰਨਾ ਨੀਵਾਂ ਹੈ ਕਿ ਉਸ ਨਾਲ ਇਨ੍ਹਾਂ ਪਰਿਵਾਰਾਂ ਦੇ ਰੋਜ਼ਮਰ੍ਹਾ ਦੇ ਖ਼ਰਚ ਵੀ ਪੂਰੇ ਨਹੀਂ ਹੁੰਦੇ ਅਤੇ ਇਨ੍ਹਾਂ ਪਰਿਵਾਰਾਂ ਦੁਆਰਾ ਬੱਚਤ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸਲ ਵਿਚ ਇਸ ਕਿਰਤੀ ਵਰਗ ਨੂੰ ਖ਼ਪਤ ਦਾ ਇਕ ਨਿਊਤਮ ਪੱਧਰ ਬਣਾਈ ਰੱਖਣ ਲਈ ਉਧਾਰ ਲੈਣਾ ਪੈਂਦਾ ਹੈ ਜਿਹੜਾ ਸਮੇਂ ਸਿਰ ਵਾਪਸ ਨਾ ਕੀਤੇ ਜਾ ਸਕਣ ਕਾਰਨ ਕਰਜ਼ੇ ਦੇ ਰੂਪ ਧਾਰਨ ਕਰ ਜਾਂਦਾ ਹੈ। ਪੰਜਾਬ ਦੇ 96.33 ਫ਼ੀਸਦ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਦੇ ਕੁੜਿੱਕੀ ਵਿਚ ਔਖੀ ਦਿਨ ਕਟੀ ਕਰਦੇ ਹਨ। ਪੰਜਾਬ ਦੇ ਕਰਜ਼ਈ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ 54342.98 ਰੁਪਏ ਅਤੇ ਸਰਵੇਖਣ ਲਈ ਚੁਣੇ ਗਏ ਸਾਰੇ ਪਰਿਵਾਰਾਂ ਸਿਰ ਕਰਜ਼ੇ ਦੀ ਔਸਤਨ ਰਕਮ 52378.03 ਰੁਪਏ ਹੈ।

ਓਪਰੀ ਨਜ਼ਰੇ ਦੇਖਣ ਲਈ ਕੁਝ ਹਜ਼ਾਰ ਰੁਪਈਆਂ ਵਿਚ ਇਹ ਕਰਜ਼ਾ ਬਹੁਤ ਹੀ ਥੋੜ੍ਹਾ ਹੋਣ ਕਰਕੇ ਮਹੱਤਵਹੀਣ ਲੱਗਦਾ ਹੈ, ਪਰ ਇਨ੍ਹਾਂ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਇਸ ਕਰਜ਼ੇ ਦਾ ਬੋਝ ਬਹੁਤ ਹੀ ਜ਼ਿਆਦਾ ਹੋਣ ਕਰਕੇ ਇਹ ਕਰਜ਼ਾ ਅਸਿਹ ਹੈ ਕਿਉਂਕਿ ਇਸ ਕਰਜ਼ੇ ਕਾਰਨ ਇਨ੍ਹਾਂ ਪਰਿਵਾਰਾਂ ਨੂੰ ਅਨੇਕਾਂ ਤਿਆਗ ਕਰਨੇ ਅਤੇ ਤਸੀਹੇ ਝੱਲਣੇ ਪੈਂਦੇ ਹਨ। ਇਨ੍ਹਾਂ ਤਿਆਗਾਂ ਅਤੇ ਤਸੀਹਿਆਂ ਦੀ ਸਾਫ਼ ਤਸਵੀਰ ਇਨ੍ਹਾਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਵਿਚਕਾਰ ਛੱਡਕੇ ਮੁਕਾਬਲਤਨ ਹੋਰ ਅਮੀਰ ਘਰਾਂ ਦੇ ਬੱਚਿਆਂ ਦੀ ਦੇਖਭਾਲ ਅਤੇ ਹੋਰ ਅਨੇਕਾਂ ਕੰਮ ਕਰਨੇ ਪੈਂਦੇ ਹਨ ਅਤੇ ਵੱਡੇ ਹੋ ਕੇ ਇਹ ਬੱਚੇ ਵੀ ਆਪਣੇ ਮਾਪਿਆਂ ਦੀ ਤਰ੍ਹਾਂ ਮਜ਼ਬੂਰੀਵੱਸ ਮਜ਼ਦੂਰਾਂ ਦੀ ਫੌਜ ਵਿਚ ਸ਼ਾਮਲ ਹੋ ਜਾਂਦੇ ਹਨ। ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਆਪਣੀ ਖੁਰਾਕ ਵਿਚ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੇ ਹਿੱਸੇ ਨੂੰ ਵਧਾਉਣ ਲਈ ਮੁਕਾਬਲਤਨ ਅਮੀਰ ਘਰਾਂ ਦੀਆਂ ਕੱਟੀਆਂKਬੱਛੀਆਂ ਅਧਿਆਰੇ ਉੱਪਰ ਲੈ ਕੇ ਦਿਨ-ਰਾਤ ਉਨ੍ਹਾਂ ਦੀ ਦੇਖਭਾਲ ਕਰਦੇ ਹਨ। ਦਲਿਤ ਔਰਤ ਪਰਿਵਾਰਾਂ ਦੀ ਮਿਹਨਤ ਸਦਕਾ ਜਦੋਂ ਕੱਟੀਆਂ/ਬੱਛੀਆਂ ਵੱਡੀਆਂ ਹੋ ਕੇ ਝੋਟੀਆਂ/ਬਹਿੜੀਆਂ ਬਣਦੀਆਂ ਹਨ ਤਾਂ ਮੁਕਾਬਲਤਨ ਅਮੀਰ ਘਰ ਇਨ੍ਹਾਂ ਦਾ ਮੁੱਲ ਪਾਕੇ ਇਨ੍ਹਾਂ ਨੂੰ ਆਪਣੇ ਘਰ ਲੈ ਜਾਂਦੇ ਹਨ। ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਕਰਜ਼ੇ ਦੀ ਮਜ਼ਬੂਰੀ ਵਿਚ ਅਜਿਹਾ ਕਰਨਾ ਪੈਂਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਇਸ ਸੰਬੰਧ ਵਿਚ ਉਨ੍ਹਾਂ ਦੀਆਂ ਆਸਾਂ ਉੱਪਰ ਪਾਣੀ ਫਿਰ ਜਾਂਦਾ ਹੈ। ਕਰਜ਼ੇ ਕਾਰਨ ਕੁਝ ਪਰਿਵਾਰਾਂ ਵਿਚ ਬੰਧੂਆਂ ਮਜ਼ਦੂਰੀ, ਜੋ ਕਿ ਗ਼ੈਰ-ਕਾਨੂੰਨੀ ਹੈ, ਵੀ ਦਿਖਾਈ ਦਿੰਦੀ ਹੈ। ਇਸ ਤੋਂ ਬਿਨਾਂ ਕੁਝ ਕੇਸਾਂ ਵਿਚ ਇਨ੍ਹਾਂ ਔਰਤਾਂ ਅਤੇ ਉਨ੍ਹਾਂ ਦੀਆਂ ਬੱਚੀਆਂ ਦਾ ਤਰ੍ਹਾਂ ਤਰ੍ਹਾਂ ਦਾ ਨਪੀੜਨ ਵੀ ਹੁੰਦਾ ਹੈ।

ਕਰਜ਼ੇ ਸੰਬੰਧੀ ਖੇਤਰ-ਵਾਰ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਮਾਲਵਾ ਦੇ 97.57 ਫ਼ੀਸਦ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਥੱਲੇ ਹਨ, ਜਦੋਂ ਇਹ ਫ਼ੀਸਦੀ ਮਾਝਾ ਅਤੇ ਦੋਆਬਾ ਵਿਚ ਕ੍ਰਮਵਾਰ 96.18 ਅਤੇ 94.65 ਹੈ। ਮਾਲਵਾ ਵਿਚ ਕਰਜ਼ੇ ਦੀ ਔਸਤਨ ਰਕਮ ਕਰਜ਼ਈ ਅਤੇ ਚੁਣੇ ਗਏ ਪਰਿਵਾਰਾਂ ਸਿਰ ਦੂਜੇ ਖੇਤਰਾਂ ਦੇ ਮੁਕਾਬਲੇ ਵਿਚ ਜ਼ਿਆਦਾ ਹੈ। ਇਹ ਰਕਮ ਕ੍ਰਮਵਾਰ 57433.24 ਅਤੇ 56036.22 ਰੁਪਏ ਹੈ। ਮਾਝਾ ਵਿਚ ਇਹ ਰਕਮ ਕ੍ਰਮਵਾਰ 51579.13 ਅਤੇ 48819.75 ਰੁਪਏ, ਜਦੋਂ ਕਿ ਦੋਆਬਾ ਵਿਚ 52840.50 ਅਤੇ 50821.12 ਰੁਪਏ ਹੈ।

ਮਾਲਵੇ ਦੇ ਕਰਜ਼ਈ ਅਤੇ ਚੁਣੇ ਗਏ ਪਰਿਵਾਰਾਂ ਸਿਰ ਦੂਜੇ ਖੇਤਰਾਂ ਦੇ ਮੁਕਾਬਲੇ ਵਿਚ ਕਰਜ਼ੇ ਦੀ ਜ਼ਿਆਦਾ ਰਕਮ ਹੋਣ ਦਾ ਇਕ ਕਾਰਨ ਇਹ ਹੈ ਕਿ ਮਾਲਵਾ ਦੇ ਖੇਤੀਬਾੜੀ ਖੇਤਰ ਵਿਚ ਠੇਕਾ ਆਧਾਰਿਤ ਮਜ਼ਦੂਰੀ (ਇਕ ਸਾਲ ਲਈ ਨੌਕਰੀ) ਦਾ ਪ੍ਰਚਲਣ ਹੋਣ ਕਰਕੇ ਵੱਡੇ ਕਿਸਾਨਾਂ ਦੀ ਉਧਾਰ ਦੇਣ ਵਿਚ ਭੂਮਿਕਾ ਦੂਜੇ ਖੇਤਰਾਂ ਦੇ ਮੁਕਾਬਲੇ ਵਿਚ ਜ਼ਿਆਦਾ ਹੈ। ਫੀਲਡ ਸਰਵੇਖਣ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਮਾਲਵਾ ਵਿਚ ਕੁਝ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੇ ਜ਼ਮੀਨ ਠੇਕੇ ਉੱਤੇ ਲੈ ਕੇ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ ਸੀ, ਪਰ ਫ਼ਸਲ ਦੇ ਖ਼ਰਾਬ ਹੋ ਜਾਣ ਕਾਰਨ ਇਸ ਉਦੇਸ਼ ਲਈ ਲਿਆ ਉਧਾਰ ਨਾ ਮੋੜੇ ਜਾਣ ਕਾਰਨ ਕਰਜ਼ੇ ਦਾ ਰੂਪ ਧਾਰਨ ਕਰ ਗਿਆ ਅਤੇ ਉਹ ਪਰਿਵਾਰ ਦੁਬਾਰਾ ਤੋਂ ਖੇਤੀਬਾੜੀ ਕਰਨ ਦੀ ਸਥਿਤੀ ਵਿਚ ਨਹੀਂ ਰਹੇ।

ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ਾ ਵੱਖ ਵੱਖ ਸ੍ਰੋਤਾਂ ਦਾ ਹੈ। ਇਕ ਔਸਤਨ ਪਰਿਵਾਰ ਸਿਰ 42114.83 ਰੁਪਏ ਗ਼ੈਰ-ਸੰਸਥਾਗਤ ਸ੍ਰੋਤਾਂ ਅਤੇ 10263.20 ਰੁਪਏ ਸੰਸਥਾਗਤ ਸ੍ਰੋਤਾਂ ਦਾ ਕਰਜ਼ਾ ਹੈ। ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਦਲਿਤ ਔਰਤ ਮਜਦੂਰ ਪਰਿਵਾਰਾਂ ਨੂੰ ਉਧਾਰ ਦੇਣ ਵਿਚ ਗ਼ੈਰ-ਸੰਸਥਾਗਤ ਸ੍ਰੋਤਾਂ ਦੀ ਭੂਮਿਕਾ ਵਧੇਰੇ ਹੈ। ਗ਼ੈਰ ਸੰਸਥਾਗਤ ਸਰੋਤਾਂ ਵਿਚੋਂ ਸਭ ਤੋਂ ਵੱਧ ਕਰਜ਼ਾ ਵੱਡੇ ਕਿਸਾਨਾਂ ਦਾ ਹੈ। ਉਨ੍ਹਾਂ ਤੋਂ ਬਾਅਦ ਦੁਕਾਨਦਾਰ ਅਤੇ ਛੋਟੇ ਵਪਾਰੀ, ਸ਼ਾਹੂਕਾਰ, ਰਿਸ਼ਤੇਦਾਰ ਅਤੇ ਦੋਸਤ, ਅਤੇ ਦੋਧੀ ਆਉਂਦੇ ਹਨ। ਸੰਸਥਾਗਤ ਸ੍ਰੋਤਾਂ ਵਿਚੋਂ ਸਭ ਤੋਂ ਵੱਧ ਉਧਾਰ ਸੂਖਮ ਵਿੱਤੀ ਸੰਸਥਾਵਾਂ ਦੁਆਰਾ ਦਿੱਤਾ ਗਿਆ ਹੈ ਅਤੇ ਇਨ੍ਹਾਂ ਤੋਂ ਬਾਅਦ ਵਪਾਰਿਕ ਅਤੇ ਸਹਿਕਾਰੀ ਬੈਂਕ ਆਉਂਦੇ ਹਨ। ਪੰਜਾਬ ਦੇ ਸਾਰੇ ਤਿੰਨਾ ਖੇਤਰਾਂ ਵਿਚ ਵੀ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਜ਼ਿਆਦਾ ਕਰਜ਼ਾ ਗ਼ੈਰ-ਸੰਸਥਾਗਤ ਸ੍ਰੋਤਾਂ ਦਾ ਹੈ।

ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ 80.40 ਫ਼ੀਸਦ ਕਰਜ਼ਾ ਗ਼ੈਰ-ਸੰਸਥਾਗਤ ਸ੍ਰੋਤਾਂ ਅਤੇ ਬਾਕੀ ਦਾ 19.60 ਫ਼ੀਸਦ ਕਰਜ਼ਾ ਸੰਸਥਾਗਤ ਸ੍ਰੋਤਾਂ ਦਾ ਹੈ। ਇਨ੍ਹਾਂ ਪਰਿਵਾਰਾਂ ਸਿਰ ਉਨ੍ਹਾਂ ਦੇ ਕੁੱਲ ਕਰਜ਼ੇ ਦਾ ਗ਼ੈਰ-ਸੰਸਥਾਗਤ ਸ੍ਰੋਤਾਂ ਵਿਚੋਂ 30.37 ਫ਼ੀਸਦ ਵੱਡੇ ਕਿਸਾਨਾਂ, 21.70 ਫ਼ੀਸਦ ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ, 20.15 ਫ਼ੀਸਦ ਸ਼ਾਹੂਕਾਰਾਂ ਅਤੇ 6.15 ਫ਼ੀਸਦ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਹੈ। ਸੰਸਥਾਗਤ ਸ੍ਰੋਤਾਂ ਵਿਚੋਂ ਸੂਖਮ ਵਿੱਤੀ ਸੰਸਥਵਾਂ ਦਾ ਹਿੱਸਾ 8.71 ਫ਼ੀਸਦ, ਵਪਾਰਿਕ ਬੈਂਕਾਂ ਦਾ 5.56 ਫ਼ੀਸਦ ਅਤੇ ਸਹਿਕਾਰੀ ਬੈਂਕਾਂ ਦਾ 5.33 ਫ਼ੀਸਦ ਹੈ। ਪੰਜਾਬ ਦੇ ਸਾਰੇ ਤਿੰਨਾਂ ਖੇਤਰਾਂ ਵਿਚ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਜ਼ਿਆਦਾ ਫ਼ੀਸਦੀ ਗ਼ੈਰ-ਸੰਸਥਾਗਤ ਸ੍ਰੋਤਾਂ ਦੀ ਹੈ, ਭਾਵੇਂ ਕਿ ਇਸ ਫ਼ੀਸਦੀ ਵਿਚ ਕੁਝ ਵਖਰੇਵੇਂ ਵੀ ਹਨ। ਇਨ੍ਹਾਂ ਪਰਿਵਾਰਾਂ ਨੂੰ ਸੰਸਥਾਗਤ ਸ੍ਰੋਤਾਂ ਤੋਂ ਉਧਾਰ ਮਿਲਣ ਵਿਚ ਕਈ ਰੁਕਾਵਟਾਂ ਵੀ ਹਨ। ਇਨ੍ਹਾਂ ਪਰਿਵਾਰਾਂ ਨੂੰ ਸੰਸਥਾਗਤ ਸ੍ਰੋਤਾਂ ਤੋਂ ਉਧਾਰ ਮਿਲਣ ਵਿਚ ਕਈ ਰੁਕਾਵਟਾਂ ਹਨ ਜਿਨ੍ਹਾਂ ਵਿਚ ਇਨ੍ਹਾਂ ਕੋਲ ਜ਼ਮਾਨਤ ਲਈ ਸੰਪੱਤੀ ਦਾ ਨਾ ਹੋਣਾ, ਇਨ੍ਹਾਂ ਦੇ ਜੀਆਂ ਦਾ ਅਨਪੜ੍ਹ ਹੋਣਾ, ਸੰਸਥਾਵਾਂ ਦੇ ਕਰਮਚਾਰੀਆਂ ਦਾ ਇਨ੍ਹਾਂ ਪ੍ਰਤਿ ਮਾੜਾ ਵਿਹਾਰ ਅਤੇ ਗ਼ੈਰ-ਸੰਸਥਾਗਤ ਸ੍ਰੋਤਾਂ ਤੋਂ ਆਸਾਨੀ ਨਾਲ ਉਧਾਰ ਮਿਲਣਾ ਪ੍ਰਮੁੱਖ ਹਨ।

ਵਿਭਿੰਨ ਉਦੇਸ਼ਾਂ ਲਈ ਲਏ ਉਧਾਰKਕਰਜ਼ੇ ਦੀ ਜਾਣਕਾਰੀ ਅਨੁਸਾਰ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ 39942.27 ਰੁਪਏ ਦੀ ਰਕਮ ਉਤਪਾਦਕ ਉਦੇਸ਼ਾਂ , ਜਦੋਂ ਕਿ 12435.76 ਰੁਪਏ ਦੀ ਰਕਮ ਗ਼ੈਰ-ਉਤਪਾਦਕ ਉਦੇਸ਼ਾਂ ਵਾਸਤੇ ਹੈ। ਉਤਪਾਦਕ ਉਦੇਸ਼ਾਂ ਵਿਚੋਂ ਸਭ ਤੋਂ ਵੱਧ ਰਕਮ (8053.79 ਰੁਪਏ) ਸਿਹਤ-ਸੰਭਾਲ ਉੱਤੇ ਖ਼ਰਚ ਹੋਈ। ਗ਼ੈਰ-ਉਤਪਾਦਕ ਉਦੇਸ਼ਾਂ ਵਿਚ ਸਭ ਤੋਂ ਵੱਧ ਉਧਾਰKਕਰਜ਼ਾ ਸਮਾਜਿਕ-ਧਾਰਮਿਕ ਰਸਮਾਂ ਲਈ ਲਿਆ ਗਿਆ ਜੋ ਕਿ 11342.50 ਰੁਪਏ ਹੈ। ਪੰਜਾਬ ਦੇ ਸਾਰੇ ਤਿੰਨੇ ਖੇਤਰਾਂ ਵਿਚ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਔਸਤਨ ਕੁੱਲ ਕਰਜ਼ੇ ਦੀ ਵੱਡੀ ਰਕਮ ਉਤਪਾਦਕ ਉਦੇਸ਼ਾਂ ਲਈ ਵਰਤੀ ਗਈ। ਇਹ ਰਕਮ ਸਭ ਤੋਂ ਵੱਧ ਮਾਲਵੇ ਵਿਚ ਵਰਤੀ ਗਈ ਅਤੇ ਇਸ ਤੋਂ ਬਾਅਦ ਮਾਝਾ ਅਤੇ ਦੋਆਬਾ ਆਉਂਦੇ ਹਨ। ਫੀਲਡ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਸਾਰੇ ਖੇਤਰਾਂ ਵਿਚ ਖ਼ਪਤ ਅਤੇ ਆਮਦਨ ਦੇ ਖੱਪੇ ਨੂੰ ਪੂਰਾ ਕਰਨ ਲਈ ਉਧਾਰ ਲੈਣਾ ਇਨ੍ਹਾਂ ਕਿਰਤੀ ਪਰਿਵਾਰਾਂ ਦੀ ਮਜ਼ਬੂਰੀ ਬਣ ਜਾਂਦੀ ਹੈ ਅਤੇ ਅਕਸਰ ਇਹ ਉਧਾਰ ਸਮੇਂ ਸਿਰ ਨਾ ਮੋੜੇ ਜਾਣ ਕਾਰਨ ਕਰਜ਼ੇ ਦਾ ਰੂਪ ਧਾਰਨ ਕਰ ਜਾਂਦਾ ਹੈ।

ਵਰਤਮਾਨ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਔਸਤਨ ਕੁੱਲ ਕਰਜ਼ੇ ਦੀ ਸਭ ਤੋ ਵੱਧ ਰਕਮ (24413.99 ਰੁਪਏ) 36 ਫ਼ੀਸਦ ਤੋਂ ਵੱਧ ਸਲਾਨਾ ਵਿਆਜ ਦਰ ਉੱਤੇ ਹੈ। ਇਸ ਤੋਂ ਬਾਅਦ 24 ਤੋਂ 36, 6 ਤੋਂ 12, 6 ਤੋਂ ਘੱਟ ਅਤੇ 12 ਤੋਂ 18 ਫ਼ੀਸਦ ਸਲਾਨਾ ਵਿਆਜ ਦਰ ਉੱਤੇ ਕਰਜ਼ੇ ਆਉਂਦੇ ਹਨ। ਮਾਲਵਾ, ਮਾਝਾ ਅਤੇ ਦੋਆਬਾ ਵਿਚ ਕ੍ਰਮਵਾਰ 25913.72, 24719.75 ਅਤੇ 21735.37 ਰੁਪਏ ਦਾ ਕਰਜ਼ਾ 36 ਫ਼ੀਸਦ ਤੋਂ ਵੱਧ ਸਲਾਨਾ ਵਿਆਜ ਦਰ ਉੱਤੇ ਹੈ। ਪੰਜਾਬ ਦੇ ਸਾਰੇ ਤਿੰਨਾਂ ਖੇਤਰਾਂ ਵਿਚ ਕਰਜ਼ੇ ਦੀ ਦੂਜੀ ਵੱਡੀ ਰਕਮ 24 ਤੋਂ 36 ਫ਼ੀਸਦ ਸਲਾਨਾ ਵਿਆਜ ਦਰ ਉੱਤੇ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਕਰਜੇ ਦੀ ਬਹੁਤ ਹੀ ਛੋਟੀ ਰਕਮ 6 ਫ਼ੀਸਦ ਤੋਂ ਘੱਟ ਸਲਾਨਾ ਵਿਆਜ ਦਰ ਉੱਤੇ ਹੈ।

ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੀ ਫ਼ੀਸਦੀ ਤੋਂ ਪਤਾ ਲੱਗਦਾ ਹੈ ਕਿ ਸਭ ਤੋਂ ਵੱਧ (46.61 ਫ਼ੀਸਦ) ਕਰਜ਼ਾ 36 ਤੋਂ ਵੱਧ ਫ਼ੀਸਦ ਸਲਾਨਾ ਵਿਆਜ ਦਰ ਉੱਤੇ ਹੈ। 22.43 ਫ਼ੀਸਦ ਕਰਜਾ 24 ਤੋਂ 36 ਫ਼ੀਸਦ ਸਲਾਨਾ ਵਿਆਜ ਦਰ ਉੱਤੇ ਹੈ। ਇਨ੍ਹਾਂ ਪਰਿਵਾਰਾਂ ਸਿਰ 10.77 ਫ਼ੀਸਦ ਕਰਜ਼ਾ 6 ਤੋਂ 12 ਫ਼ੀਸਦ ਅਤੇ ਸਿਰਫ਼ 4.42 ਫ਼ੀਸਦ ਕਰਜ਼ਾ 6 ਫ਼ੀਸਦ ਤੋਂ ਘੱਟ ਵਿਆਜ ਦਰਾਂ ਉੱਪਰ ਹੈ।

ਮਾਝਾ, ਮਾਲਵਾ ਅਤੇ ਦੋਆਬਾ ਵਿਚ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਔਸਤਨ ਕੁੱਲ ਕਰਜ਼ੇ ਦਾ ਕ੍ਰਮਵਾਰ 48.64, 46.24 ਅਤੇ 44.52 ਫ਼ੀਸਦ ਹਿੱਸਾ 36 ਫ਼ੀਸਦ ਤੋਂ ਵੱਧ ਸਲਾਨਾ ਵਿਆਜ ਦਰ ਉੱਤੇ ਹੈ। ਮਾਲਵਾ, ਮਾਝਾ ਅਤੇ ਦੋਆਬਾ ਵਿਚ ਔਸਤਨ ਕੁੱਲ ਕਰਜ਼ੇ ਦਾ ਕ੍ਰਮਵਾਰ 23.24, 22.38 ਅਤੇ 21.07 ਫ਼ੀਸਦ ਕਰਜ਼ਾ 24 ਤੋਂ 36 ਫ਼ੀਸਦ ਸਲਾਨਾ ਵਿਆਜ ਦਰ ਉੱਤੇ ਹੈ। ਮਾਲਵਾ, ਦੋਆਬਾ ਅਤੇ ਮਾਝਾ ਵਿਚ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਔਸਤਨ ਕੁੱਲ ਕਰਜ਼ੇ ਦਾ ਕ੍ਰਮਵਾਰ ਸਿਰਫ਼ 5.23, 4.59 ਅਤੇ 3.24 ਫ਼ੀਸਦ ਹਿੱਸਾ 6 ਫ਼ੀਸਦ ਤੋਂ ਘੱਟ ਸਲਾਨਾ ਵਿਆਜ ਦਰ ਉੱਤੇ ਹੈ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪੰਜਾਬ ਦੇ ਸਾਰੇ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਸਿਰ ਕਰਜ਼ੇ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਮਾਲਵਾ ਵਿਚ ਇਨ੍ਹਾਂ ਪਰਿਵਾਰਾਂ ਤੋਂ ਦੂਜੇ ਖੇਤਰਾਂ ਦੀ ਤੁਲਨਾ ਵਿਚ ਵਧੇਰੇ ਵਿਆਜ ਲਿਆ ਜਾਂਦਾ ਹੈ।

ਇਸ ਦਾ ਕਾਰਨ ਇਹ ਹੈ ਕਿ ਇਸ ਖੇਤਰ ਵਿਚ ਇਨ੍ਹਾਂ ਵਰਗਾਂ ਸਿਰ ਵਧੇਰੇ ਕਰਜ਼ਾ ਵੱਡੇ ਕਿਸਾਨਾਂ ਅਤੇ ਸ਼ਾਹੂਕਾਰਾਂ ਦਾ ਹੈ ਜੋ ਵਿਆਜ ਦੀਆਂ ਉੱਚੀਆਂ ਦਰਾਂ ਲਗਾਉਂਦੇ ਹਨ। ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਸਿਰ ਔਸਤਨ ਕੁੱਲ ਕਰਜ਼ੇ ਦਾ 75 ਫ਼ੀਸਦ ਤੋਂ ਵੱਧ ਹਿੱਸਾ 18 ਫ਼ੀਸਦ ਤੋਂ ਵੱਧ ਸਲਾਨਾ ਵਿਆਜ ਦਰ ਉੱਤੇ ਹੈ, ਜਦੋਂ ਕਿ ਭਾਰਤੀ ਬੈਂਕਾਂ ਵਿਚ ਵਿਆਜ ਦੀਆਂ ਦਰਾਂ ਵਿਚ ਲਗਾਤਾਰ ਕਟੌਤੀ ਕੀਤੀ ਜਾਂਦੀ ਆ ਰਹੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਪਰਿਵਾਰ ਉਧਾਰ ਲੈਣ ਲਈ ਜ਼ਿਆਦਾਤਰ ਗ਼ੈਰ-ਸੰਸਥਾਗਤ ਸ੍ਰੋਤਾਂ ਉੱਪਰ ਨਿਰਭਰ ਹਨ।

ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਕਰਜ਼ੇ ਦੀ ਕੁੜਿੱਕੀ ਵਿਚੋਂ ਬਾਹਰ ਕੱਢਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਪਰਿਵਾਰਾਂ ਦੀ ਆਮਦਨ ਵਿਚ ਵਾਧਾ ਅਤੇ ਹੋਰ ਉਪਾਅ ਕੀਤੇ ਜਾਣ। ਇਨ੍ਹਾਂ ਪਰਿਵਾਰਾਂ ਦੀ ਆਮਦਨ ਵਧਾਉਣ ਲਈ ਮਨਰੇਗਾ ਵਰਗੀਆਂ ਸਕੀਮਾਂ ਅਧੀਨ ਇਨ੍ਹਾਂ ਦੇ ਰੁਜ਼ਗਾਰ ਦੇ ਦਿਨ ਅਤੇ ਮਜ਼ਦੂਰੀ ਦਰਾਂ ਵਧਾਈਆਂ ਜਾਣ, ਪਿੰਡਾਂ ਵਿਚ ਸਹਿਕਾਰੀ ਮਾਲਕੀ ਵਾਲੇ ਐਗਰੋ ਪ੍ਰੋਸੈਸਿੰਗ ਉਦਯੋਗ ਸਥਾਪਿਤ ਕੀਤੇ ਜਾਣ, ਇਨ੍ਹਾਂ ਕਿਰਤੀ ਪਰਿਵਾਰਾਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਕੀਤੇ ਜਾਣ ਆਦਿ।

ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਅਤੇ ਮਰਦਾਂ ਨੂੰ ਬਾਲਗ ਸਿੱਖਿਆ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾਵੇ। ਇਨ੍ਹਾਂ ਪਰਿਵਾਰਾਂ ਨੂੰ ਮਿਆਰੀ ਸਿਹਤ-ਸੰਭਾਲ ਸੇਵਾਵਾਂ ਬਿਲਕੁਲ ਮੁਫ਼ਤ ਦਿੱਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਇਨ੍ਹਾਂ ਪਰਿਵਾਰਾਂ ਦੀਆਂ ਸਮਾਜਿਕ-ਧਾਰਮਿਕ ਰਸਮਾਂ ਲਈ ਸਾਂਝੀਆਂ ਬਿਲਡਿੰਗਾਂ ਬਣਾਉਣ ਦੇ ਨਾਲ ਨਾਲ ਇਨ੍ਹਾਂ ਦੀਆਂ ਬੇਟੀਆਂ ਦੇ ਵਿਆਹਾਂ ਮੌਕੇ ਵਾਜਬ ਵਿੱਤੀ ਸਹਾਇਤਾ ਸਮੇਂ ਸਿਰ ਦਿੱਤੀ ਜਾਵੇ। ਇਨ੍ਹਾਂ ਪਰਿਵਾਰਾਂ ਦੀਆਂ ਲੋੜਾਂ ਅਨੁਸਾਰ ਉਧਾਰ ਸੰਸਥਾਗਤ ਸ੍ਰੋਤਾਂ ਤੋਂ ਬਿਨਾਂ ਵਿਆਜ ਜਾਂ ਬਹੁਤ ਘੱਟ ਰਿਆਇਤੀ ਵਿਆਜ ਦਰ ਉੱਪਰ ਮਿਲਣਾ ਯਕੀਨੀ ਬਣਾਇਆ ਜਾਵੇ। ਇਸ ਕਿਰਤੀ ਵਰਗ ਦੇ ਖ਼ਪਤ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜਨਤਕ ਵੰਡ ਪ੍ਰਣਾਲੀ ਵਿਚ ਵੱਡੇ ਸੁਧਾਰ ਲਿਆਉਣ ਦੀ ਸਖ਼ਤ ਜ਼ਰੂਰਤ ਹੈ।

# ਮਿਹਨਤੀ ਅਤੇ ਦ੍ਰਿੜ ਇਰਾਦੇ ਵਾਲਾ ਸੰਘਰਸ਼ੀ ਅਧਿਆਪਕ ਗੁਰਮੇਲ ਸਿੰਘ ਜਾਹਲ੍ਹਾਂ

ਮਿਹਨਤੀ ਅਤੇ ਲਗਨ ਨਾਲ ਕੰਮ ਕਰਨ ਵਾਲਾ ਗੁਰਮੇਲ ਸਿੰਘ ਆਰਟ ਕਰਾਫਟ ਅਧਿਆਪਕ ਆਪਣੇ ਸਕੂ਼ਲ ਦੀ ਬਿਹਤਰੀ ਲਈ ਹਮੇਸ਼ਾਂ ਤੱਤਪਰ ਰਹਿੰਦਾ ਹੈ। ਉਸ ਦਾ ਸਕੂਲ ਪ੍ਰਤੀ ਏਨਾ ਮੋਹ ਹੈ ਕਿ ਉਹ ਸਕੂਲ ਦੇ ਕੰਮਾਂ ਲਈ ਅਕਸਰ ਛੁੱਟੀ ਵਾਲੇ ਦਿਨਾਂ ਵਿੱਚ ਜਾ ਕੇ ਅਤੇ ਸਕੂਲ ਸਮੇਂ ਤੋਂ ਬਾਅਦ ਵੀ ਅਧੂਰੇ ਕੰਮ ਕਰਦਾ ਰਹਿੰਦਾ ਹੈ। ਉਹ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਮਿਡਲ ਸਕੂਲ ਜਾਹਲ੍ਹਾਂ (ਪਟਿਆਲਾ) ਵਿਖੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ। ਉਸ ਨੇ ਸੁਰੂ ਵਿੱਚ ਸਾਖਰਤਾ ਮੁਹਿੰਮ ਵਿੱਚ ਵੀ ਜਿਲ੍ਹਾ ਪੱਧਰ ਤੇ ਵਧੀਕ ਡਿਪਟੀ ਕਮਿਸ਼ਨਰ ਨਾਲ ਕੰਮ ਕੀਤਾ ਹੈ। ਹੁਣ ਉਸ ਨੂੰ ਸਟੇਟ ਰਿਸੋਰਸ ਗਰੁੱਪ (ਆਰਟ ਅਤੇ ਕਰਾਫਟ) ਵਿੱਚ ਉਸ ਦੇ ਕੰਮ ਕਰਨ ਦੀ ਗੁਣਵੱਤਾ ਅਤੇ ਯੋਗਤਾ ਨੂੰ ਦੇਖਦੇ ਹੋਏ ਸਾਮਲ ਕੀਤਾ ਗਿਆ ਹੈ ਜਿਸ ਵਿੱਚ ਉਸ ਨੇ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਸਰਾਹਨਾਯੋਗ ਕੰਮ ਕੀਤਾ ਹੈ ।ਉਸ ਨੇ ਡਰਾਇੰਗ ਵਿਸ਼ੇ ਨੂੰ ਹੋਰਾਂ ਵਿਸ਼ਿਆਂ ਦਾ ਸਹਿਯੋਗੀ ਬਣਾਉਣ ਲਈ ਨਵੇਂ ਨਵੇਂ ਸੁਝਾਅ ਦੇ ਕੇ ਇਸ ਵਿਸ਼ੇ ਦੀ ਘੱਟ ਰਹੀ ਅਹਿਮੀਅਤ ਨੂੰ ਮੁੜ ਸੁਰਜੀਤ ਕਰਵਾਇਆ।ਉਸ ਨੇ ਸਟੇਟ ਰਿਸੋਰਸ ਪਰਸਨ ਦੇ ਤੌਰ ਤੇ ਵਧੀਆ ਸੇਵਾਵਾਂ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਪ੍ਰਦਾਨ ਕੀਤੀਆਂ ਹਨ,ਜਿਸ ਦੀ ਉੱਚ ਅਧਿਕਾਰੀਆਂ ਨੇ ਪ੍ਰਸ਼ੰਸ਼ਾ ਕੀਤੀ ਹੈ।ਗੁਰਮੇਲ ਸਿੰਘ ਨੂੰ ਰਿਸੋਰਸ ਸਟੇਟ ਪੱਧਰ ਦੀਆਂ ਵਰਕਸਾਪਾਂ ਵਿੱਚ ਵਧੀਆਂ ਸੇਵਾਵਾਂ ਦੇਣ ਬਦਲੇ ਸਕੱਤਰ ਸਕੂਲੀ ਸਿੱਖਿਆ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਵਲੋਂ ਪ੍ਰਸ਼ੰਸ਼ਾ-ਪੱਤਰ ਦੇ ਕੇ ਸਨਮਾਨਿਤ ਕੀਤਾ ਹੈ। ਇਸ ਨਾਲ ਇਲਾਕੇ ਦੇ ਸਕੂਲਾਂ ਵਿੱਚ ਸ.ਮਿ.ਸ.ਜਾਹਲ੍ਹਾਂ ਦਾ ਨਾਂ ਉੱਚਾ ਹੋਇਆ ਹੈ।ਆਪਣੇ ਸਕੂਲ ਅੰਦਰ ਮਾਟੋ,ਨਕਸ਼ੇ ਆਦਿ ਉਸ ਨੇ ਆਪ ਬਣਾਏ ਹਨ।ਸਕੂਲ ਦੇ ਵਰਾਂਡੇ ਨੂੰ ਰੰਗਾਂ ਨਾਲ ਸ਼ਜਾਉਣ ਦਾ ਕੰਮ ਵੀ ਉਸ ਨੇ ਆਰੰਭਿਆ ਹੋਇਆ ਹੈ।ਉਸ ਨੇ ਦਫਤਰ ਅੰਦਰ ਬੜੇ ਵਧੀਆ ਅਤੇ ਕਲਾਤਮਕ ਢੰਗ ਨਾਲ ਸਕੂਲ ਦੀਆਂ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕੀਤਾ ਹੈ। ਉਸ ਦੇ ਸਕੂਲ ਦੇ ਬੱਚੇ ਪੋਸਟਰ ਮੁਕਾਬਲਿਆਂ ਵਿੱਚ ਸਟੇਟ ਪੱਧਰ ਤੇ ਜੇਤੂ ਰਹਿੰਦੇ ਰਹੇ ਹਨ।ਹੁਣ ਸੇਵਾ ਮੁਕਤੀ ਉਪਰੰਤ ਵਾਧੇ ਦੌਰਾਣ ਉਸ ਦੀ ਡਿਊਟੀ ਤਿੰਨ ਦਿਨ ਸ.ਹ.ਸ.ਧਬਲਾਨ (ਕੰਪਲੈਕਸ ਸਕੂਲ) ਵਿਖੇ ਲਗਨ ਨਾਲ ਉਸ ਸਕੂਲ ਦੀ ਦਿੱਖ ਬਦਲਣ ਦਾ ਗੰਭੀਰਤਾ ਨਾਲ ਉਹ ਯਤਨ ਕਰ ਰਿਹਾ ਹੈ।ਸਮੂਹ ਸਟਾਫ ਅਤੇ ਜਿਲ੍ਹੇ ਦੇ ਆਰਟ/ਕਰਾਫਟ ਅਧਿਆਪਕਾਂ ਨੇ ਵੀ ਸ਼੍ਰ. ਗੁਰਮੇਲ ਸਿੰਘ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ ਹੈ। ਗੁਰਮੇਲ ਸਿੰਘ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਜੰਗੀਰ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਚੰਦ ਕੌਰ ਦੀ ਕੁੱਖੋਂ 30 ਜਨਵਰੀ 1960 ਨੂੰ ਲੋਪੇ (ਭੋੜੇ) ਜਿਲ੍ਹਾ ਪਟਿਆਲਾ ਵਿਖੇ ਹੋਇਆ।ਉਸ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ.ਭੋੜੇ ਤੋਂ ਪ੍ਰਾਪਤ ਕੀਤੀ।ਇਸ ਤੋਂ ਬਾਅਦ ਸ.ਹ.ਸ. ਮੱਲ੍ਹੇਵਾਲ ਵਿਖੇ ਪੜ੍ਹਾਈ ਕਰਨ ਉਪਰੰਤ ਇਥੋਂ ਮਾਰਚ 1976 'ਚ ਦਸਵੀਂ ਪਾਸ ਕਰ ਲਈ। ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1980 ਵਿੱਚ ਬੀ.ਏ. ਪਾਸ ਕਰਨ ਉਪਰੰਤ ਸਰਕਾਰੀ ਆਰਟ ਅਤੇ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1982 ਵਿੱਚ ਪ੍ਰਾਪਤ ਕਰ ਲਿਆ। ਉਸ ਨੇ ਵੀਰ ਹਕੀਕਤ ਰਾਏ ਮਾਡਲ ਸਕੂਲ ਪਟਿਆਲਾ ਵਿਖੇ 13 ਦਸੰਬਰ 1983 ਤੋਂ 14 ਸਤੰਬਰ 1987 ਤੱਕ ਬਤੌਰ ਆਰਟ / ਕਰਾਫਟ ਟੀਚਰ ਸੇਵਾ ਨਿਭਾਈ। ਇਸ ਦੌਰਾਣ 10 ਮਈ 1986 ਨੂੰ ਸ਼੍ਰ. ਸੁਖਦੇਵ ਸਿੰਘ ਪਿੰਡ ਫਤਿਹਗੜ੍ਹ ਭਾਦਸੋਂ (ਸੰਗਰੂਰ) ਦੀ ਪੁੱਤਰੀ ਬਲਜਿੰਦਰ ਕੌਰ ਨਾਲ ਵਿਆਹ ਹੋ ਗਿਆ ।ਉਸ ਨੇ ਆਰਮੀ ਸਕੂਲ ਪਟਿਆਲਾ ਵਿਖੇ 15 ਸਤੰਬਰ 1987 ਤੋਂ 25 ਅਕਤੂਬਰ 1994 ਤੱਕ ਬਤੌਰ ਡਰਾਇੰਗ ਅਧਿਆਪਕ ਨਾਲ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ। ਇਥੋਂ ਉਸ ਨੇ ਜ਼ਿੰਦਗੀ ਜਿਊਣ ਲਈ ਬਹੁਤ ਕੁਝ ਸਿੱਖਿਆ। ਇਸ ਦੌਰਾਣ ਹੀ ਉਸ ਨੂੰ ਆਤਮਾ ਰਾਮ ਕੁਮਾਰ ਸਭਾ ਸੀ.ਸੈ.ਸ. ਪਟਿਆਲਾ ਦੇ ਏਡਿਡ ਸਕੂਲ ਵਿਖੇ ਬਤੌਰ ਆਰਟ / ਕਰਾਫਟ ਟੀਚਰ ਨੋਕਰੀ ਮਿਲ ਗਈ ।ਇਸ ਸਕੂਲ ਵਿੱਚ ਉਸ ਨੇ ਆਪਣੇ ਪਿਛਲੇ ਸਕੂਲਾਂ ਦੇ ਤਜਰਬਿਆ ਸਦਕਾ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਸ਼ੁਰੂ ਕਰਵਾਈ।ਇਥੇ ਉਸ ਦੀ ਕਲਾਸ ਦੇ ਦੋ ਬੱਚੇ ਪੀ.ਐਮ.ਟੀ. ਪਾਸ ਕਰ ਚੁੱਕੇ ਹਨ।ਉਸ ਨੇ ਸਰਕਾਰੀ ਨੌਕਰੀ ਵਿੱਚ ਬਤੌਰ ਅ / ਕ ਟੀਚਰ ਨਿਯੁਕਤੀ ਹੋਣ ਉਪਰੰਤ ਸ.ਹ.ਸ. ਲਾਛੜੂ (ਪਟਿਆਲਾ) ਵਿਖੇ 10 ਜਨਵਰੀ 1997 ਨੂੰ ਹਾਜ਼ਰੀ ਦਿੱਤੀ । ਇਥੋਂ ਗੁਰਮੇਲ ਸਿੰਘ ਨੇ 7 ਜੁਲਾਈ ਨੂੰ ਬਦਲੀ ਹੋਣ ਕਾਰਣ ਸ.ਮਿ.ਸ. ਜਾਹਲ੍ਹਾਂ ਕੰਪਲੈਕਸ ਸ.ਹ.ਸ.ਧਬਲਾਨ ਵਿਖੇ ਹਾਜ਼ਰੀ ਦਿੱਤੀ ਅਤੇ ਹੁਣ ਤੱਕ ਇਥੇ ਹੀ ਵਿਲੱਖਣ ਅਧਿਆਪਕ ਦੇ ਤੌਰ ਤੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ।ਉਹ ਸਕੂਲ ਦੇ ਨਵੇਂ ਕਮਰੇ ਬਣਾਉਣ 'ਚ ਮੋਹਰੀ ਹੋ ਕੇ ਕੰਮ ਕਰਾਉਂਦਾ ਰਿਹਾ ਹੈ।ਉਹ ਅਧਿਆਪਕ ਯੂਨੀਅਨ ਜੀ.ਟੀ.ਯੂ. ਦਾ ਸਰਗਰਮ ਮੈਂਬਰ ਹੈ। ਪਟਿਆਲਾ ਵਿਖੇ ਅਧਿਆਪਕਾਂ ਦਾ ਕੋਈ ਵੀ ਧਰਨਾ/ ਰੈਲੀ ਹੋਵੇ ਆਦਿ ਹੋਵੇ ਤਾਂ ਉਹ ਮੋਹਰੀ ਹੋ ਕੇ ਲਗਾਈ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ। ਉਹ ਪੰਜਾਬ.ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਹੈ।ਦਫਤਰੀ ਕੰਮਾਂ ਨੂੰ ਕਰਨ ਅਤੇ ਕਰਵਾਉਣ ਦਾ ਮਾਹਿਰ ਹੈ। ਉਹ ਧਾਰਮਿਕ ਥਾਵਾਂ ਦੇ ਦਰਸ਼ਨਾਂ ਲਈ ਅਕਸਰ ਜਾਂਦਾ ਰਹਿੰਦਾ ਹੈ ਕਿਉਂ ਕਿ ਉਸ ਦਾ ਪਾਲਣ ਪੋਸ਼ਣ ਇੱਕ ਧਾਰਮਿਕ ਬਿਰਤੀ ਵਾਲੇ ਪਰਿਵਾਰ 'ਚ ਹੋਇਆ। ਦਸ਼ਮੇਸ਼ ਖਾਲਸਾ ਸ਼ੇਰੇ ਦਲ (ਰਜਿ:) ਸ਼੍ਰੀ ਫਤਿਹਗੜ੍ਹ ਸਾਹਿਬ ਨਾਲ ਜੁੜਿਆ ਹੋਇਆ ਹੈ।ਉਹ ਇਸ ਦਲ ਨਾਲ ਹਰ ਮਹੀਨੇ ਸੰਗਰਾਂਦ ਅਤੇ ਸਾਲਾਨਾ ਸ਼ਹੀਦੀ ਜੋੜ ਮੇਲ ਫਤਿਹਗੜ੍ਹ ਸਾਹਿਬ ਸਮੇਂ ਨਿਸ਼ਕਾਮ ਸੇਵਾ ਕਰਦਾ ਹੈ। ਭਾਵੇਂ ਸ਼੍ਰੀ ਅੰਮ੍ਰਿਤਸਰ ਸਾਹਿਬ ਜਾਣਾ ਹੋਵੇ, ਭਾਵੇਂ ਸ਼੍ਰੀ ਹੇਮਕੁੰਟ ਸਾਹਿਬ,ਪਾਉਂਟਾ ਸਾਹਿਬ,ਨਾਢਾ ਸਾਹਿਬ,ਕੁਰਕੁਸੇਤਰ ਜਾਣ ਲਈ ਜਦੋਂ ਵੀ ਮੈਂ ਕਿਹਾ ,ਉਸਨੇ ਹਮੇਸ਼ਾਂ ਸਾਥ ਦਿੱਤਾ ਹੈ ।ਇਹੋ ਜਿਹੇ ਇਨਸਾਨਾਂ ਨਾਲ ਵਿਚਰਨਾ ਸੱਚਮੁੱਚ ਮਾਣ ਵਾਲੀ ਗੱਲ ਹੁੰਦੀ ਹੈ। ਉਹ ਆਪਣੀ ਸੁਪਤਨੀ ਬਲਜਿੰਦਰ ਕੌਰ ਬੇਟੇ ਕੁਲਦੀਪ ਸਿੰਘ,ਜਸਦੀਪ ਸਿੰਘ, ਨੂੰਹ ਕਮਲਜੀਤ ਕੌਰ ਅਤੇ ਪੋਤਰੇ ਸੁਖਦੀਪ ਸਿੰਘ ਨਾਲ ਪ੍ਰਤਾਪ ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ। ਪ੍ਰਮਾਤਮਾ ਹਮੇਸ਼ਾ ਉਸ ਨੂੰ ਹੋਰ ਵੀ ਵਧੀਆ ਸੇਵਾਵਾਂ ਕਰਨ ਲਈ ਚੜ੍ਹਦੀਕਲਾ ਬਖਸ਼ੇ





ਮੇਜਰ ਸਿੰਘ ਨਾਭਾ
91-94635-53962

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਗੁਰੂ ਹਰਿਰਾਏ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਰਾਏ ਜੀ ਦੇ ਇਕ ਆਦਰਸ਼ਕ ਗੁਰ-ਵਿਅਕਤੀ ਦੇ ਗੁਣ ਦੇਖਦੇ ਹੋਏ, ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸੱਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ ਵਿਚ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਣੀ-ਵਿਚਾਰ, ਬੀਰ ਰਸ ਦੇ ਪ੍ਰਭਾਵ ਦੇ ਨਾਲ ਨਾਲ ਸ਼ਸ਼ਤਰ ਵਿੱਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ। ਬਾਲ ਅਵਸਥਾ ਤੋਂ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਅਤੇ ਬੀਰਤਾ ਦੇ ਪੁੰਜ ਸਨ। ਉਹਨਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਹਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿੱਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ: ਸ਼ੀਸ਼ ਮਹੱਲ ਕੀਰਤਪੁਰ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ 1640 ਈ: ਨੂੰ ਮਾਤਾ ਕ੍ਰਿਸ਼ਨ ਕੌਰ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਤੇ ਹਰਿਕ੍ਰਿਸ਼ਨ (ਗੁਰੂ) ਜੀ ਸਨ। ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਈ: ਹੈ। ਆਪ ਜੀ ਦੇ ਗੁਰੂ-ਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅੱਗੇ ਤੋਰਿਆ। ਉਸੇ ਆਸ਼ੇ ਅਧੀਨ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਜੀ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ, ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁੰਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ।

ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜ੍ਹਾ ਖਾਣ, ਥੋੜ੍ਹਾ ਸੌਣ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਤੇ ਸਹਿਜ ਵਿਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਿਆਦਾ ਬਣਾ ਦਿੰਤੀ ਕਿ ਸਿੱਖ ਦੇ ਘਰੋਂ ਕੋਈ ਭੁੱਖਾ ਨਿਰਾਸ਼ ਨਾ ਜਾਵੇ। ਘਰ-ਘਰ ਅੰਦਰ ਧਰਮਸ਼ਾਲ ਦੇ ਨਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ-ਬਹਿਣੀ ਦਾ ਇਕ ਪ੍ਰਪੱਕ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦ 1644 ਈ: ਵਿਚ ਲਾਹੌਰ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਗੁਰੂ ਦੀਆਂ ਸੰਗਤਾਂ ਨੇ ਗਰੀਬਾਂ-ਬੇਸਹਾਰਿਆਂ, ਰੋਗੀਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ-ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫੌਜ ਆਪ ਜੀ ਕੋਲ ਸੀ। ਜੋ ਖਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ-ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਅ ਦੀ ਬੇਲਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ। ਦਾਰਾ ਸ਼ਿਕੋਅ ਬਚ ਨਿਕਲਣ ਵਿਚ ਸਫਲ ਹੋਇਆ। ਜਿੱਥੇ ਆਪ ਸੰਗਤ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੀ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰ ਵਿਚ ਜੋ ਵੀ ਰਸਦ ਵਸਤੂ ਆਵੇ ਬੜੀ ਸੰਭਾਲ ਕੇ ਰੱਖਣੀ ਹੈ। ਜੋ ਲੋੜ ਪੈਣ 'ਤੇ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਦੇ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਜਮ੍ਹਾ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਕੋਅ ਸਖਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨਾ ਦੀਆਂ ਔਸ਼ਧੀਆਂ ਵਸਤੂਆਂ ਨਾਲ ਤੰਦਰੁਸਤ ਹੋ ਗਿਆ। ਉਸਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਸੁਣ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।



ਗੁਰੂ ਜੀ ਨਾਲ ਦਾਰਾ ਸ਼ਿਕੋਅ ਦਾ ਮੇਲ-ਮਿਲਾਪ ਵਧਦਾ ਵੇਖ ਕੇ ਔਰੰਗਜ਼ੇਬ ਨੇ ਬਹਾਨੇ ਨਾਲ ਗੁਰੂ ਜ ਨੂੰ ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜ ਦਿੱਤਾ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਜਬਰੀ ਧਰਮ ਪਰਿਵਰਤਨ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸਨੂੰ ਇਸਲਾਮ ਵਿਚ ਲਿਆਂਦਾ ਜਾਵੇ। ਉਸਨੇ ਬਾਣੀ ਦਾ ਹਵਾਲਾ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਦਰਜ ਹੈ ਕਿ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਘੜਿ ਭਾਂਡੇ ਇਟਾਂ ਕੀਆਂ ਜਲਦੀ ਕਰੇ ਪੁਕਾਰ।।' ਅੰਗ 466। ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਬਾਣੀਕਾਰ ਲਿਖਾਰੀ ਦੀ ਗਲਤੀ ਹੈ ਕਿ ਮਿੱਟੀ ਮੁਸਲਮਾਨ ਦੀ ਨਹੀਂ ਮਿੱਟੀ ਬੇਈਮਾਨ ਕੀ ਹੈ। ਉਸ ਦੀ ਚਤੁਰਤਾ ਤੋਂ ਖੁਸ਼ ਹੋ ਕੇ ਬਾਦਸ਼ਾਹ ਨੇ ਦੂਨ ਦਾ ਇਲਾਵਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਰਹਿਰਾਏ ਜੀ ਨੂੰ ਉਸਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਹਨਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਜੀ ਅਸੂਲਾਂ ਦੇ ਬਹੁਤ ਪੱਕੇ ਸਨ। ਉਹਨਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕੀਤਾ ਕਿ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹੈ।

ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਗੁਰੂ ਜੀ ਨੇ ਪ੍ਰਚਾਰਕ ਦੌਰੇ ਕੀਤੇ। ਉਹਨਾਂ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਸਥਾਪਤ ਕੀਤੇ। ਉਥੇ ਸੁਚੱਜੇਧਰਮ ਪ੍ਰਚਾਰਕ ਥਾਪੇ। ਜਿਵੇਂ ਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ ਤੇ ਭਾਈ ਭਗਤੂ ਆਦਿ । 20 ਅਕਤੂਬਰ 1666 ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ 'ਤੇ ਬਿਠਾਇਆ ਅਤੇ ਆਪ ਜੋਤੀ ਜੋਤ ਸਮਾ ਗਏ।






ੴ

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅਨ ।
ਛੋਟ ਬੜੇ ਸਭ ਸਮ ਵਸੈਂ, ਰਵਿਦਾਸ ਰਹੇ ਪ੍ਰਸੰਨ ॥

# ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 643ਵਾਂ



# ਪ੍ਰਕਾਸ਼ ਪੁਰਬ

ਸੰਬੰਧੀ ਵਿਸ਼ੇਸ਼ ਸਮਾਗਮ

**ਸ੍ਰੀ ਗੁਰੂ ਰਵਿਦਾਸ ਟੈਂਪਲ**
*61-01 Broadway, Woodside NY 11377*

ਵਿਖੇ 28 ਜਨਵਰੀ 2020 ਤੋਂ 9 ਫਰਵਰੀ 2020 ਨੂੰ ਮਨਾਇਆ ਜਾ ਰਿਹਾ ਹੈ।

## ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 643ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈਆਂ

ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਤਾਂ ਜ਼ਿੰਦਗੀ ਹਰ ਰਾਹ ਤੇ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਪਰਮਾਤਮਾ ਦੀ ਕਿਰਪਾ ਸਦਕਾ ਇਕ ਰੱਬੀ ਗੁਰੂ ਇਸ ਸੰਸਾਰ ਅੰਦਰ ਪੈਦਾ ਹੁੰਦਾ ਹੈ। 14ਵੀਂ ਸਦੀ ਵਿਚ ਕਾਂਸ਼ੀ ਬਨਾਰਸ ਦੀ ਧਰਤੀ ਉਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਕਲਸਾਂ ਜੀ ਦੀ ਕੁੱਖੋਂ ਪ੍ਰਗਟ ਹੋਏ। ਜਿਹਨਾਂ ਨੂੰ ਅੱਜ ਸਮੁੱਚਾ ਸਮਾਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖ ਤੋਂ ਉਚਰਣ ਹੋਈ ਰੱਬੀ ਬਾਣੀ 16 ਰਾਗਾਂ ਅਤੇ 40 ਸ਼ਬਦਾਂ ਦੇ ਰੂਪ ਵਿਚ ਦਰਜ ਹੈ। ਸਮੁੱਚੀ ਮਾਨਵਤਾ ਦੀ ਭਲਾਈ ਕਰਨ ਵਾਲੇ ਮਹਾਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 9 ਫਰਵਰੀ 2020, ਦਿਨ ਐਤਵਾਰ ਨੂੰ ਆ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾ ਰਹੀ ਹੈ।



ਗੁਰੂ ਪਿਆਰੀ ਸਾਧ ਸੰਗਤ ਜੀਓ-ਆਪ ਜੀ ਨੂੰ ਬੜੇ ਹੀ ਆਦਰ ਅਤੇ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੰਗਤਾਂ ਦੀ ਪੁਰਜ਼ੋਰ ਮੰਗ 'ਤੇ ਗੁਰੂ ਘਰ ਦੀ ਸੁੰਦਰ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸੋ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਤਨ ਮਨ ਧਨ ਨਾਲ ਸਹਿਯੋਗ ਦਿਓ ਜੀ ਤਾਂ ਜੋ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਉਪਰੋਕਤ ਮਾਡਲ ਵਾਂਗ ਦਿੱਤੀ ਜਾ ਸਕੇ ਜੀ। ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

- 28 ਜਨਵਰੀ 2020 (ਮੰਗਲਵਾਰ) 11 ਅਖੰਡ ਪਾਠਾਂ ਦੀ ਲੜੀ ਦਾ ਆਰੰਭ ਹੋ ਰਿਹਾ ਹੈ।
- 5 ਫਰਵਰੀ 2020 (ਬੁਦਵਾਰ) ਤੋਂ ਰਾਤ ਦੇ ਦੀਵਾਨ ਰੋਜ਼ਾਨਾ 7 ਤੋਂ 9 ਵਜੇ ਤੱਕ ਹੋਣਗੇ ।
- 8 ਫਰਵਰੀ 2020 (ਸ਼ਨਿਵਾਰ) ਰਾਤ ਦਾ ਦੀਵਾਨ 1 ਵਜੇ ਤੱਕ ਚਲੇਗਾ ਪੂਰੇ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ ।
- 9 ਫਰਵਰੀ 2020 (ਐਤਵਾਰ) ਦਾ ਮੁੱਖ (ਮਹਾਨ) ਕੀਰਤਨ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸਜੇਗਾ ।

### ਪਹੁੰਚ ਰਹੇ ਪੰਥ ਪ੍ਰਸਿਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾਵਾਚਕ

ਭਾਈ ਸੁਰਜੀਤ ਸਿੰਘ ਮਜਬੂਰ ਹੋਸ਼ਿਆਰਪੁਰ ਵਾਲੇ
ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ, ਇੰਟਰਨੇਸ਼ਨਲ ਜਥਾ, ਇਨਡਿਆ
ਭਾਈ ਕੁਲਦੀਪ ਸਿੰਘ ਜੀ ਯੂ ਕੇ ਵਾਲੇ
ਭਾਈ ਸਤੀਸ਼ ਕੁਮਾਰ ਜਲੰਧਰ ਵਾਲੇ
**ਬਾਬਾ ਬ੍ਰਹਮ ਦਾਸ** ਗੁਰੂ ਘਰ ਦੇ ਵਜ਼ੀਰ
ਭਾਈ ਦਰਸ਼ਨ ਸਿੰਘ ਗੁਰੂ ਘਰ ਦੇ ਵਜ਼ੀਰ
ਭਾਈ ਜੋਧਾ ਸਿੰਘ ਜੀ
ਇਨਟਰਨੇਸ਼ਨਲ ਢਾਡੀ ਜਥਾ ਭਾਈ ਮੋਹਣ ਸਿੰਘ ਬਡਾਣਾਂ
ਰਮਤਾ, ਨੀਲਾ, ਦੀਪਾ ਮਿਊਜ਼ਿਕਲ ਗਰੁੱਪ



ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ | ਭਾਈ ਕੁਲਦੀਪ ਸਿੰਘ ਜੀ ਯੂ ਕੇ ਵਾਲੇ | ਭਾਈ ਸੋਹਨ ਸਿੰਘ ਖਾਲਸਾ ਕਨੇਡਾ



ਭਾਈ ਸੁਰਜੀਤ ਸਿੰਘ ਮਜਬੂਰ ਹੋਸ਼ਿਆਰਪੁਰ ਵਾਲੇ | ਭਾਈ ਸਤੀਸ਼ ਕੁਮਾਰ ਜਲੰਧਰ ਵਾਲੇ | ਭਾਈ ਸੁਖਵਿੰਦਰ ਸਿੰਘ ਜਲੰਧਰ ਵਾਲੇ | ਬਾਬਾ ਬ੍ਰਹਮ ਦਾਸ ਹੈਡ ਗ੍ਰੰਥੀ | ਭਾਈ ਦਰਸ਼ਨ ਸਿੰਘ ਗੁਰੂ ਘਰ ਦੇ ਵਜ਼ੀਰ | ਭਾਈ ਜੋਧਾ ਸਿੰਘ ਜੀ | ਇਨਟਰਨੇਸ਼ਨਲ ਢਾਡੀ ਜਥਾ ਭਾਈ ਮੋਹਣ ਸਿੰਘ ਬਡਾਣਾਂ

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ

11 ਅਖੰਡ ਪਾਠਾਂ ਦੀ ਲੜੀ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਵੀ ਗੁਰੂ ਘਰ ਵਿਖੇ 28 ਜਨਵਰੀ 2020 ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 9 ਫਰਵਰੀ 2020 ਨੂੰ ਸਮਾਪਤ ਹੋਵੇਗੀ।

8 ਫਰਵਰੀ 2020 ਦਿਨ ਸ਼ਨਿਚਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।

9 ਫਰਵਰੀ 2020 ਦਿਨ ਐਤਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 9:30 ਵਜੇ ਹੋਵੇਗੀ।

5 ਫਰਵਰੀ 2020 ਤੋਂ 8 ਫਰਵਰੀ 2020 ਤੱਕ ਰਾਤੀ ਦੀਵਾਨ ਰਾਤ 7 ਵਜੇ ਤੋਂ 9 ਵਜੇ ਤੱਕ ਹੋਣਗੇ।

9 ਫਰਵਰੀ 2020 ਦਿਨ ਐਤਵਾਰ ਦਾ ਮੁੱਖ ਮਹਾਨ ਦੀਵਾਨ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ, ਕਥਾਵਾਚਕ ਅਤੇ ਮਿਸ਼ਨਰੀ ਗਾਇਕ ਸੰਗਤਾਂ ਨੂੰ ਗੁਰੂ ਦੀ ਬਾਣੀ ਨਾਲ ਜੋੜਨਗੇ।

## ਗੁਰੂ ਘਰ ਦੇ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਦੇਸ਼ ਵਿਦੇਸ਼ ਵਿਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ |



**ਸਾਰੇ ਪ੍ਰੋਗਰਾਮਾਂ ਵਿਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ**

**ਨਿਸ਼ਾਨ ਸਾਹਿਬ ਦੀ ਸੇਵਾ**
9 ਫਰਵਰੀ 2020 ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਹੋਵੇਗੀ

ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ

**ਹੋਰ ਜਾਨਕਾਰੀ ਲਈ ਗੁਰੂ ਘਰ ਦੇ ਨੰਬਰਾਂ ਤੇ ਸੰਪਰਕ ਕਰੋ: 929-462-0108**

ਮੈਨੇਜਮੈਂਟ ਕਮੇਟੀ

| ਮੁੱਖ ਸੇਵਾਦਾਰ | ਚੇਅਰਮੈਨ | ਕੈਸ਼ੀਅਰ | ਜਨਰਲ ਸੈਕਟਰੀ | ਭਾਈ ਬ੍ਰਹਮ ਦਾਸ 646-651-9656 |
|---|---|---|---|---|
| ਸ੍ਰੀ ਅਸ਼ੋਕ ਕੁਮਾਰ 917-225-0888 | ਬਲਵੀਰ ਚੌਹਾਨ 646-642-9243 | ਛਲਮਨ ਦਾਸ 718-200-5235 | ਸੂਬੇਦਾਰ ਖੁਸ਼ੀਆ ਸਿੰਘ 347-447-8624 | ਭਾਈ ਦਰਸ਼ਨ ਸਿੰਘ 631-829-9819 |

ਸੀਨੀਅਰ ਵਾਈਸ ਪ੍ਰੈਜ਼ੀਡੈਂਟ ਜੀਤ ਰਾਮ, ਵਾਈਸ ਪ੍ਰੈਜ਼ੀਡੈਂਟ ਸਰਬਜੀਤ ਸਿੰਘ, ਜੁਆਇੰਟ ਸੈਕਟਰੀ ਰਾਜ ਕੁਮਾਰ, ਪਬਲਿਕ ਰਿਲੇਸ਼ਨ ਸੈਕਟਰੀ ਪਿਆਰਾ ਲਾਲ, ਜੁਆਇੰਟ ਕੈਸ਼ੀਅਰ ਮਨਜੀਤ ਸਿੰਘ, ਲੰਗਰ ਸੈਕਟਰੀ ਕੁੰਦਨ ਲਾਲ

ਟਰੱਸਟ ਕਮੇਟੀ:
ਮੁਖਤਿਆਰ ਮੁਖਤਿਆਰ, ਗੁਰਮਖ ਕੈਲੇ, ਦੁਰਗਾ ਦਾਸ, ਮੁਲਖ ਰਾਜ, ਵਿਜੇ ਦੁੱਗ, ਮਿੰਟੂ ਚਾਹਲ, ਭਸ਼ਿੰਬਰ ਦਾਸ, ਰਾਮ ਮੂਰਤੀ, ਮੋਹਨ ਲਾਲ, ਅਮਰਜੀਤ ਦਾਸ

PRINT & DESIGN **WEBWAY360** - (347) 484-2854

ਸੋਹੰ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## 643rd Parkash Utsav of Sri Guru Ravidass Ji

(You are me, and I am You-what is the difference between us?
We are like gold and the bracelet, or water and the waves. ||1||
If I did not commit any sins, O Infinite Lord, how would You have acquired the name, Patit-Pavan (Redeemer of sinners)? ||1||Pause||
You are my Master, the Inner-knower, Searcher of hearts.
The servant is known by his God, and the Lord and Master is known by His servant. ||2||
Grant me the wisdom to worship and adore You with my body.
O Ravidass, one who understands that the Lord is equally in all, is very rare. ||3||)



ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
ਤੁਮੑ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

Sri Guru Ravidass Sabha CA, Pittsburg will be celebrating the 643rd Parkash Utsav of SATGURU RAVIDASS JI on Sunday, February 9, 2020 at Sri Guru Ravidass Temple, Pittsburg, CA. Satguru Ravidass Ji was a great religious and social reformer dedicated his whole life for the welfare of the humanity. Guru Ji preached social harmony and stood against caste discrimination.

**Gurughar Sewadars along with Sangat will perform Langer and Path Sewa for this program.**

| | |
|---|---|
| **ARAMBH SHRI AKHAND PATH** | **February 7, 2020 (FRIDAY) 9:30 AM** |
| **BHOG SHRI AKHAND PATH** | **February 9, 2020 (SUNDAY) 9:30 AM** |
| **KIRTAN DIWAN** | **After Bhog Ceremony until 2:30 PM** |



Bhai Harjinder Singh (Srinagar Wale)

We are privileged to have Panth Rattan Bhai Harjinder Singh (Srinagar Wale) on this day to delight SANGAT with his melodious KIRTAN.

In addition, famous raggi Jatha of Bhai Bhupinder Sigh and Giani GurnamSingh/Ompal Sngh will do the KIRTAN Sewa. Distinguished speakers and community leaders well versed with life and teachings of Satguru Ravidass ji, will share Guru Sahib's message with Sangat. .

We have scheduled a Blood-Drive by Red Cross on Saturday, February 8, 2020, from 9:30 AM to 3:00 PM. Please register online for donating blood at www.redcrossblood.org ; or call Dilbag Singh at (209)834-4641 or Abhishek Narabut at (925)695-4637.

We have a Health Camp scheduled on Sunday, February 9, 2020. Please come and take advantage of this camp, DON'T MISS A FREE HEALTH CAMP AT GURUGHAR.

Entire Sangat is cordially invited to participate in this celebration with family and friends and receive benign blessings of Sri Guru Ravidass Ji

We need volunteers to help with this event to prepare/serve Langar, directing traffic/parking, kitchen and other Sewa. Please contact the executive committee for additional information.

**For stalls, Langar sewa or any other sewa, please contact President Shinder Paul Narabut at (925) 683-0178, General Secretary Dharam Pal Chonkria at (925)334-2877, Treasurer Vinod Kumar at (408)718-2506, or Dilbag Singh at (209)834-4641**

**Nishan Sahib Hoisting |Ceremony will be held on February 8th 2020 (Saturday) at 11:00 AM. Narinder Chahal and Jasvir Chahal will be hosting this sewa.**

## "NANAK NAM CHARDI KALA TERE BHANE SARBAT DA BHALA"

| Chairman | President | Sangat De Sewadar | General Secretary | Treasurer |
|---|---|---|---|---|
| Jagtar Bhatia | Shinder Paul Narabu | | Dharam Pal Chonkria | Vinod Kumar |